## ਅਧਿਆਇ 3

# ਧੜੇਬੰਦੀ ਦੀ ਗੰਭੀਰਤਾ

ਕੁਰਿੰਥੀਆਂ ਦੇ ਮਸੀਹੀ ਲੋਕਾਂ ਵਿਚਲੀਆਂ ਧੜੇਬੰਦੀਆਂ ਨੇ ਸੰਸਾਰ ਦੇ ਦੁਆਰਾ ਪਰਿਭਾਸ਼ਤ ਗਿਆਨ ਦੇ ਰੂਪ ਵਿਚ ਇੱਕ ਗਲਤ ਸਥਾਨ ਉੱਤੇ ਭਰੋਸਾ ਰੱਖਣ ਦੀ ਗਵਾਹੀ ਦਿੱਤੀ। ਮੂਰਖਤਾ ਭਰਿਆ ਗਿਆਨ ਜੋ ਕੁਰਿੰਥੁਸ ਵਿਚ ਪ੍ਰਚਲਿਤ ਸੀ, ਪਰਮੇਸ਼ੁਰ ਦੇ ਗਿਆਨ ਦੇ ਉਲਟ ਸੀ, ਪਰ ਕਲੀਸੀਆ ਵਿਚਲੀਆਂ ਗੜਬੜੀਆਂ ਨੇ ਉਨ੍ਹਾਂ ਸਮੱਸਿਆਵਾਂ ਵੱਲ ਇਸ਼ਾਰਾ ਕੀਤਾ ਜੋ ਸੰਸਾਰੀ ਗਿਆਨ ਦੇ ਨਾਲ ਮੋਹ ਤੋਂ ਵਧੀਕ ਗੰਭੀਰ ਸੀ। ਇਨ੍ਹਾਂ ਨੂੰ ਚਲਾਉਣ ਵਾਲੇ ਆਤਮਾ ਸਰੀਰਕ, ਸੰਸਾਰੀ ਕਦਰਾਂ-ਕੀਮਤਾਂ ਤੋਂ ਪੈਦਾ ਹੋਇਆ ਸੀ। ਇਨ੍ਹਾਂ ਮਸੀਹੀਆਂ ਵਿਚੋਂ ਕੁਝ ਨੇ ਮਸੀਹ ਦੇ ਆਤਮਾ ਨੂੰ ਆਪਣੇ ਦਿਲਾਂ ਵਿਚ ਰਾਜ ਕਰਨ ਦੀ ਇਜ਼ਾਜਤ ਨਹੀਂ ਦਿੱਤੀ ਸੀ। ਈਰਖਾ ਕਰਨ ਵਿਚ, ਪਦਵੀ ਦੇ ਲਈ ਮੁਕਾਬਲਾ ਕਰਨਾ, ਅਤੇ ਮਨਪਸੰਦ ਸਿੱਖਿਅਕਾਂ ਦੇ ਅਧਾਰ ਤੇ ਟੀਮਾਂ ਦੀ ਚੋਣ ਕਰਨਾ ਸ਼ਾਮਲ ਹੁੰਦਾ ਹੈ।

ਇਸ ਬੱਚਿਆਂ ਵਾਲੇ ਦ੍ਰਿਸ਼ਟੀਕੋਣ ਨੇ ਇੰਜੀਲ ਦੀਆਂ ਮੰਗਾਂ ਅਤੇ ਪੁਸ਼ਟੀਆਂ ਤੋਂ ਧਿਆਨ ਅਤੇ ਸਰਗਰਮੀਆਂ ਨੂੰ ਬਦਲ ਦਿੱਤਾ। ਦਲਾਂ ਦੇ ਪ੍ਰਤਿ ਵਫ਼ਾਦਾਰੀ ਨੇ ਪਰਮੇਸ਼ੁਰ ਦੀ ਕਿਰਪਾ ਦੇ ਸਬੂਤ ਤੇ ਮਸੀਹ ਦੀ ਸਲੀਬ ਤੇ ਵਿਚਾਰ ਕਰਨ ਲਈ ਬਹੁਤ ਹੀ ਘੱਟ ਸਥਾਨ ਛੱਡਿਆ ਸੀ। ਇਸ ਦੀ ਬਜਾਇ, ਇਸ ਨੇ ਨੈਤਿਕ ਸ਼ੁੱਧਤਾ ਦੇ ਅਭਿਆਸ ਨਾਲ ਸਮਝੌਤਾ ਕੀਤਾ ਅਤੇ ਭਾਈਚਾਰੇ ਦੇ ਪ੍ਰੇਮ ਦੀ ਅਣਦੇਖੀ ਕੀਤੀ।

## ਫੁੱਟ: ਸਰੀਰ ਦਾ ਫਲ (3:1-9)

**1ਹੇ ਭਰਾਵੋ, ਮੈਂ ਤੁਹਾਡੇ ਨਾਲ ਐਂਦਾਂ ਨਾ ਬੋਲ ਸੱਕਿਆ ਜਿੱਦਾਂ ਆਤਮਕਾਂ ਨਾਲ ਸਗੋਂ
ਜਿੱਦਾਂ ਸਰੀਰਕਾਂ ਨਾਲ ਬੋਲੀਦਾ ਹੈ। ਹਾਂ, ਜਿੱਦਾਂ ਓਹਨਾਂ ਨਾਲ ਜਿਹੜੇ ਮਸੀਹ ਵਿੱਚ
ਨਿਆਣੇ ਹਨ। 2ਮੈਂ ਤੁਹਾਨੂੰ ਦੁੱਧ ਪਿਆਇਆ, ਅੰਨ ਨਹੀਂ ਖੁਵਾਇਆ ਕਿਉਂ ਜੋ ਅਜੇ ਤੁਸੀਂ
ਉਹ ਦੇ ਜੋਗੇ ਨਹੀਂ ਸਾਓ ਸਗੋਂ ਹੁਣ ਭੀ ਉਹ ਦੇ ਜੋਗ ਨਹੀਂ ਹੋ। 3ਤੁਸੀਂ ਹੁਣ ਤੀਕ
ਸਰੀਰਕ ਹੋ ਕਿਉਂਕਿ ਜਦੋਂ ਜਲਣ ਅਤੇ ਝਗੜੇ ਤੁਹਾਡੇ ਵਿੱਚ ਹਨ ਤਾਂ ਕੀ ਤੁਸੀਂ ਸਰੀਰਕ
ਨਹੀਂ ਅਤੇ ਇਨਸਾਨੀ ਚਾਲ ਨਹੀਂ ਚੱਲਦੇ ਹੋ? 4ਜਦੋਂ ਇੱਕ ਕਹਿੰਦਾ ਹੈ ਭਈ ਮੈਂ ਪੌਲੁਸ
ਦਾ ਹਾਂ ਅਤੇ ਦੂਜਾ, ਮੈਂ ਅਪੁੱਲੋਸ ਦਾ ਹਾਂ ਤਾਂ ਕੀ ਤੁਸੀਂ ਇਨਸਾਨ ਹੀ ਨਹੀਂ? 5ਫੇਰ
ਅਪੁੱਲੋਸ ਕੀ ਹੈ ਅਤੇ ਪੌਲੁਸ ਕੀ ਹੈ? ਨਿਰੇ ਸੇਵਕ ਜਿਨ੍ਹਾਂ ਦੇ ਵਸੀਲੇ ਨਾਲ ਤੁਸਾਂ ਨਿਹਚਾ
ਕੀਤੀ ਜਿਵੇਂ ਪ੍ਰਭੁ ਨੇ ਹਰੇਕ ਨੂੰ ਦਾਨ ਦਿੱਤਾ। 6ਮੈਂ ਤਾਂ ਬੂਟਾ ਲਾਇਆ ਅਤੇ ਅਪੁੱਲੋਸ ਨੇ
ਸਿੰਜਿਆ ਪਰ ਪਰਮੇਸ਼ੁਰ ਨੇ ਵਧਾਇਆ। 7ਸੋ ਨਾ ਤਾਂ ਲਾਉਣ ਵਾਲਾ ਕੁਝ ਹੈ, ਨਾ ਸਿੰਜਣ
ਵਾਲਾ ਪਰੰਤੂ ਪਰਮੇਸ਼ੁਰ ਜੋ ਵਧਾਉਣ ਵਾਲਾ ਹੈ। 8ਲਾਉਣ ਵਾਲਾ ਅਤੇ ਸਿੰਜਣ ਵਾਲਾ ਦੋਵੇਂ**

**ਇੱਕ ਹਨ ਪਰ ਹਰੇਕ ਆਪੋ ਆਪਣੀ ਮਿਹਨਤ ਦੇ ਅਨੁਸਾਰ ਆਪੋ ਆਪਣਾ ਫਲ ਪਾਵੇਗਾ। [9]ਕਿਉਂ ਜੋ ਅਸੀਂ ਕੰਮ ਕਰਨ ਵਿੱਚ ਪਰਮੇਸ਼ੁਰ ਦੇ ਸਾਂਝੀ ਹਾਂ। ਤੁਸੀਂ ਪਰਮੇਸ਼ੁਰ ਦੀ ਖੇਤੀ ਅਰ ਪਰਮੇਸ਼ੁਰ ਦਾ ਭਵਨ ਹੋ।**

**ਆਇਤ 1.** ਕੁਰਿੰਥੀਆਂ ਦੇ ਮਸੀਹੀਆਂ ਨੇ ਆਤਮਿਕ ਦਾਨਾਂ (12:7-10) ਨੂੰ ਬਹੁਤ ਹੀ ਮਹੱਤਵ ਦੇਣ ਦਾ ਪਰ ਇੱਕ ਆਤਮਿਕ ਸੰਦੇਸ਼ ਉੱਤੇ ਬਹੁਤ ਹੀ ਘੱਟ ਮਹੱਤਵ ਦੇਣ ਦਾ ਅਜੀਬ ਪ੍ਰਦਰਸ਼ਣ ਕੀਤਾ। ਪੌਲੁਸ [ਉਨ੍ਹਾਂ] **ਨਾਲ ਐਂਦਾਂ ਨਾ ਬੋਲ ਸੱਕਿਆ ਜਿੱਦਾਂ ਆਤਮਕਾਂ ਨਾਲ ਬੋਲੀਦਾ ਹੈ। ਰਸੂਲ ਨੂੰ ਆਪਣੇ ਆਪ ਨੂੰ ਸਰੀਰਕਾਂ** ਦੇ ਅਨੁਰੂਪ ਬਣਾਉਣਾ ਪੈਣਾ ਸੀ, ਉਨ੍ਹਾਂ ਲੋਕਾਂ ਦੇ ਅਨੁਰੂਪ **ਜਿਹੜੇ ਮਸੀਹ ਵਿੱਚ ਨਿਆਣੇ** ਸਨ। ਫਿਰ ਵੀ, ਆਪਣੀਆਂ ਸਾਰੀਆਂ ਦਲਬੰਦੀਆਂ, ਸੰਘਰਸ਼ਾਂ, ਤੇ ਬੱਚਿਆਂ ਵਾਲੀਆਂ ਗੱਲਾਂ ਦੇ ਬਾਵਜੂਦ, ਇਹ ਲੋਕਾਂ ਜਿਨ੍ਹਾਂ ਦੇ ਨਾਲ ਪੌਲੁਸ ਗੱਲਾਂ ਕਰ ਰਿਹਾ ਸੀ ਉਹ "ਮਸੀਹ ਵਿਚ" ਸਨ। ਰਸੂਲ ਮਸੀਹ ਦੀ ਖਾਤਿਰ ਉਨ੍ਹਾਂ ਨੂੰ ਹੋਰ ਤਿਆਗ ਨਾ ਸਕਿਆ। ਧੜੇਬੰਦੀਆਂ ਦੇ ਬਾਵਜੂਦ – ਆਪਣੇ ਸ਼ੇਖੀਬਾਜ਼ ਮੁਖੌਟਿਆਂ ਦੇ ਬਾਵਜੂਦ, ਸੰਸਾਰਿਕ ਬੁੱਧ ਦੇ ਬਾਵਜੂਦ – ਕੁਰਿੰਥੀਆਂ ਦੇ ਲੋਕ, ਕਿਸੇ ਨਾ ਕਿਸੇ ਅਰਥ ਵਿਚ, "ਆਤਮਿਕ ਲੋਕ" ਬਣੇ ਹੋਏ ਸਨ। ਪਵਿੱਤਰ ਆਤਮਾ ਨੇ ਉਨ੍ਹਾਂ ਨੂੰ ਸ਼ਕਤੀ ਦੇਣੀ ਅਤੇ ਸਿੱਖਿਆ ਦੇਣੀ ਜਾਰੀ ਰੱਖੀ; ਪਰ ਪਵਿੱਤਰ ਆਤਮਾ ਪਰਾਪਤ ਕਰਨ ਤੋਂ ਬਾਅਦ, ਉਹ ਸਰੀਰ ਨੂੰ ਦੁਬਾਰਾ ਜੀ ਉੱਠਣ ਦੀ ਇਜਾਜ਼ਤ ਦੇ ਰਹੇ ਸਨ। ਸਰੀਰਕ ਕਦਰਾਂ-ਕੀਮਤਾਂ ਨੇ ਉਨ੍ਹਾਂ ਨੂੰ ਇਸ ਹੱਦ ਤਕ ਪ੍ਰਭਾਵਿਤ ਕੀਤਾ ਸੀ ਕਿ ਪੌਲੁਸ ਉਨ੍ਹਾਂ ਨੂੰ ਆਤਮਿਕ ਲੋਕ ਕਹਿ ਕੇ ਸੰਬੋਧਤ ਨਹੀਂ ਕਰ ਸਕਿਆ।

ਰਸੂਲ ਨੇ ਕੋਈ ਪ੍ਰਭਾਵ ਨਹੀਂ ਛੱਡਿਆ ਕਿ ਉਹ ਇੱਕ ਅਸਧਾਰਣ ਭਾਸ਼ਾ ਦੇ ਦੁਆਰਾ "ਆਤਮਕ ਲੋਕਾਂ" ਨੂੰ ਪਹਿਚਾਣਦਾ ਹੈ ਜਾਂ ਅੰਦਰੂਨੀ ਤੌਰ ਤੇ ਆਤਮਾ ਦੇ ਉਕਸਾਉਣ ਦੇ ਦੁਆਰਾ। ਪੌਲੁਸ ਦੇ ਦੁਆਰਾ ਕੁਰਿੰਥੀਆਂ ਦੇ ਲੋਕਾਂ ਦੇ ਆਤਮਿਕ ਲੋਕਾਂ ਦੇ ਸਮਾਨ ਗੱਲ ਕਰਨ ਦੇ ਲਈ ਇਹ ਜ਼ਰੂਰੀ ਸੀ ਕਿ ਕੁਰਿੰਥੀਆਂ ਦੇ ਲੋਕ ਸਿਆਣੇ ਹੋ ਗਏ ਹੋਣ। ਵਾਕ-ਛਲ ਕਰਨ ਵਾਲਿਆਂ ਦੇ ਦੁਆਰਾ ਪਰਿਭਾਸ਼ਤ ਗਿਆਨ ਦੇ ਨਾਲ ਘੱਟ ਪ੍ਰਭਾਵਿਤ ਹੋਣਾ ਸਿਆਣੇ ਹੋਣ ਦਾ ਇੱਕ ਨਿਸ਼ਾਨ ਹੋਵੇਗਾ। ਜਿਸ ਹੱਦ ਤਕ ਉਹ ਸਲੀਬ ਦੇ ਨਾਲ ਲਿਪਟੇ ਰਹੇ ਅਤੇ ਮਸੀਹ ਦੀ ਪ੍ਰਭੂ ਦੇ ਰੂਪ ਵਿਚ ਸੇਵਾ ਕੀਤੀ, ਉਸੇ ਹੱਦ ਤਕ ਉਹ ਆਪਣੇ ਨਿਆਣਪੁਣੇ ਦੇ ਰਾਹਾਂ ਵੱਲ ਮੁੜਦੇ ਰਹੇ। ਪਸੰਦੀਦਾ ਧੜੇ ਦਾ ਜਨੂੰਨੀ ਸਮਰਥਨ ਉਸ ਪ੍ਰੌੜ੍ਹਤਾ ਤੋਂ ਬਹੁਤ ਹੀ ਦੂਰ ਸੀ ਜਿਸ ਨੂੰ ਪੌਲੁਸ ਆਪਣੇ ਪਾਠਕਾਂ ਦੇ ਵਿਚ ਪਾਉਣਾ ਚਾਹੁੰਦਾ ਸੀ।

**ਆਇਤ 2.** ਪੌਲੁਸ ਵਾਸਤੇ ਆਪਣੇ ਭਾਸ਼ਣ ਵਿਚ ਆਪਣੇ ਆਪ ਦੇ ਲਈ ਇਸਤਰੀ ਲਿੰਗ ਦੇ ਸ਼ਬਦਾਂ ਨੂੰ ਇਸਤੇਮਾਲ ਕਰਨਾ ਅਰਾਮਦਾਇਕ ਸੀ। ਥੱਸਲੁਨੀਕੀਆਂ ਦੇ ਲੋਕਾਂ ਦੇ ਲਈ, ਉਹ ਇੱਕ ਦਿਆਲੂ ਪਾਲਣ-ਪੋਸ਼ਣ ਕਰਨ ਵਾਲੀ ਸੀ (1 ਥੱਸਲੁਨੀਕੀਆਂ 2:7; KJV); ਕੁਰਿੰਥੀਆਂ ਦੀ ਲੋਕਾਂ ਦੇ ਲਈ, ਉਹ ਇੱਕ ਮਾਂ ਦੇ ਸਮਾਨ ਸੀ ਜਿਸ ਨੇ – ਵਿਸ਼ਵਾਸੀਆਂ ਨੂੰ **ਦੁੱਧ ਪਿਆਇਆ** ਸੀ। ਸ਼ਾਇਦ ਪੌਲੁਸ ਦੇ ਕੁਰਿੰਥੁਸ ਵਿਚ ਆਠਾਰਾਂ ਮਹੀਨੇ ਰਹਿਣ ਤੋਂ ਬਾਅਦ ਤਿੰਨ ਸਾਲ ਹੋ ਚੁੱਕੇ ਸਨ (ਰਸੂਲਾਂ ਦੇ ਕਰਤੱਬ 18:11)। ਉਸ ਦੇ ਸਮੇਂ ਵਿਚ, ਉਸ ਨੇ ਮਸੀਹੀ ਡਾਕਟ੍ਰਿਨ ਦੀ ਨੀਂਹ ਰੱਖੀ ਸੀ। ਉਸ ਨੇ ਕੁਰਿੰਥੀਆਂ ਦੇ ਲੋਕਾਂ ਨੂੰ ਵਿਸ਼ਵਾਸ ਤੋਂ ਜਾਣੂ ਕਰਵਾਇਆ: "ਮਸੀਹ, ਅਤੇ ਸਲੀਬ ਦਿੱਤੇ ਹੋਏ ਮਸੀਹ" ਦੇ ਵਿਸ਼ਵਾਸ (1 ਕੁਰਿੰਥੀਆਂ 2:2), "ਮੁਰਦਿਆਂ ਕੰਮਾਂ ਤੋਂ ਤੋਬਾ ਕਰਨ," "ਮੁਰਦਿਆਂ ਦੇ ਜੀ ਉੱਠਣ" ਅਤੇ

"ਸਦੀਪਕ ਨਿਆਉਂ" ਦੇ ਵਿਚ ਵਿਸ਼ਵਾਸ ਤੋਂ (ਵੇਖੋ ਇਬਰਾਨੀਆਂ 6:1, 2)। ਆਪਣੀ ਆਤਮਿਕ ਯਾਤਰਾ ਦੇ ਸ਼ੁਰੂ ਵਿਚ, ਉਹ ਵਿਸ਼ਵਾਸ ਵਿਚ ਜਵਾਨ, ਮਸੀਹ ਵਿਚ ਬੱਚੇ ਸਨ। ਉਸ ਨੇ ਉਨ੍ਹਾਂ ਨੂੰ ਬੁਨਿਆਦੀ ਗੱਲਾਂ, ਇੰਜੀਲ ਦਾ ਦੁੱਧ ਪਿਆਇਆ ਸੀ। ਉਨ੍ਹਾਂ ਦੇ ਕੋਲ ਵਿਕਾਸ ਦੇ ਲਈ ਸਥਾਨ ਸੀ। ਦਰਅਸਲ, ਉਨ੍ਹਾਂ ਨੂੰ ਮਸੀਹ ਵਿਚ ਵੱਧਣਾ ਚਾਹੀਦਾ ਸੀ, ਪਰ ਉਨ੍ਹਾਂ ਨੇ ਆਪਣੇ ਆਪ ਨੂੰ ਉਨ੍ਹਾਂ ਮਾਮਲਿਆਂ ਵੱਲ ਮੋੜ ਲਿਆ ਸੀ ਜੋ ਕਲੀਸੀਆ ਦੀ ਏਕਤਾ ਨੂੰ ਘੱਟ ਕਰ ਰਹੇ ਸਨ।

ਪੌਲੁਸ ਨੇ ਕੁਰਿੰਥੀਆਂ ਦੀ ਕਲੀਸੀਆ ਨੂੰ ਸੁਝਾਅ ਦਿੱਤਾ ਕਿ ਉਨ੍ਹਾਂ ਨੂੰ ਇੰਜੀਲ ਦੀਆਂ ਮੂਲ ਗੱਲਾਂ ਵੱਲ ਵਿਚਾਰ ਕਰਨਾ ਚਾਹੀਦਾ ਹੈ। ਮਸੀਹ ਦੀ ਡਾਕਟ੍ਰਿਨ ਅਜਿਹੇ ਸਵਾਲ ਉਠਾਉਂਦੀ ਹੈ ਜੋ ਮਨੁੱਖੀ ਤਰਕ ਨੂੰ ਇਸ ਦੀਆਂ ਸੀਮਾਵਾਂ ਤਕ ਫੈਲਾਉਂਦੇ ਹਨ। ਨੈਤਿਕ ਪ੍ਰਭਾਵ ਵਿਸ਼ਵਾਸੀਆਂ ਨੂੰ ਆਤਮ-ਪਰਖ ਅਤੇ ਤੋਬਾ ਲਈ ਸੱਦਾ ਦਿੰਦੇ ਹਨ। ਕੁਰਿੰਥੀਆਂ ਦੇ ਮਸੀਹੀਆਂ ਨੇ ਆਪਣੇ ਆਪ ਨੂੰ ਵਿਸ਼ਵਾਸ ਦਾ **ਠੋਸ ਭੋਜਨ** ਨੂੰ ਪਚਾਉਣ ਦੇ ਲਈ ਖੁਦ ਨੂੰ ਚੁਨੌਤੀ ਨਹੀਂ ਦਿੱਤੀ ਸੀ। ਉਨ੍ਹਾਂ ਦੇ ਸਰੀਰਕ ਤਰੀਕਿਆਂ ਨੇ ਉਨ੍ਹਾਂ ਨੂੰ ਮਸੀਹ ਵਿਚ ਵਧਣ ਅਤੇ ਸਿਆਣੇ ਹੋਣ ਤੋਂ ਅਸਮਰੱਥ ਕੀਤਾ ਸੀ। ਜਦੋਂ ਪੌਲੁਸ ਨੇ ਪਾਠਕਾਂ ਨੂੰ ਕਿਹਾ, **ਸਗੋਂ ਹੁਣ ਭੀ ਉਹ ਦੇ ਜੋਗੇ ਨਹੀਂ ਹੋ**, ਉਹ ਉਨ੍ਹਾਂ ਨੂੰ ਨਿਆਣਪੁਣੇ ਦੇ ਕੰਮਾਂ ਨੂੰ ਛੱਡਣ ਦੀ ਚੁਨੌਤੀ ਦੇ ਰਿਹਾ ਸੀ। ਉਸ ਨੇ ਉਨ੍ਹਾਂ ਨੂੰ ਬੇਨਤੀ ਕੀਤੀ ਕਿ ਉਹ ਵਿਸ਼ਵਾਸ ਦੀ ਵਧੇਰੇ ਪ੍ਰੌੜ੍ਹ ਸਮਝ ਅਤੇ, ਉਸ ਦੇ ਨਤੀਜੇ ਵਜੋਂ, ਹੋਰ ਵੀ ਜ਼ਿਆਦਾ ਪਵਿੱਤਰ ਜੀਵਨ ਦੇ ਲਈ ਸਮਰਪਿਤ ਕਰ ਦੇਣ।

**ਆਇਤ 3.** ਆਤਮਾ ਦੇ ਦੁਆਰਾ ਸੰਚਾਲਿਤ ਲੋਕਾਂ ਦੇ ਵਾਂਗ ਵਿਹਾਰ ਕਰਨ ਦੀ ਬਜਾਇ (*ਨੂਮੈਟੀਕੋਈ*; 3:1), ਪੌਲੁਸ ਨੇ ਦੋਸ਼ ਲਗਾਇਆ ਕਿ ਕੁਰਿੰਥੀਆਂ ਦੇ ਲੋਕ ਉਨ੍ਹਾਂ ਲੋਕਾਂ ਦੇ ਵਾਂਗ ਵਿਹਾਰ ਕਰ ਰਹੇ ਸਨ ਜੋ ਸਰੀਰ (*ਸਰਕੀਕੋਏ*; 3:3) ਦੇ ਦੁਆਰਾ ਚਲਾਏ ਚੱਲਦੇ ਹਨ (*ਸਰਕੀਕੋਏ*; 3:3)। ਉਹ ਮੈਂਬਰ ਜੋ ਗੂੜ ਗਿਆਨ ਅਤੇ ਬੁੱਧੀ ਦੇ ਮੋਹਕ ਸਨ ਉਹ ਸ਼ਾਇਦ ਇਸ ਦੋਸ਼ ਤੋਂ ਨਰਾਜ਼ ਸਨ। ਉਹ ਆਪਣੇ ਆਪ ਨੂੰ ਰੂਹਾਨੀ ਸਮਝਦੇ ਸਨ। ਉਨ੍ਹਾਂ ਨੇ ਪ੍ਰੌੜ੍ਹਤਾ ਦਾ ਦਾਅਵਾ ਕੀਤਾ। ਪਰ, ਰਸੂਲ ਨੇ ਸਬੂਤ ਪੇਸ਼ ਕੀਤੇ ਕਿ ਉਹ **ਹੁਣ** ਵੀ **ਸਰੀਰਕ** ਸਨ। ਪੌਲੁਸ ਨੇ ਦਾਅਵਾ ਕੀਤਾ, ਕਿ ਉਨ੍ਹਾਂ ਦੇ ਵਿਚਕਾਰ ਇਨਸਾਨੀ ਚਾਲ ਦਾ ਚਿੰਨ੍ਹ **ਜਲਣ ਅਤੇ ਝਗੜੇ** ਸਨ।

ਨਵੇਂ ਨੇਮ ਦੇ ਕਿਸੇ ਵੀ ਹੋਰ ਲੇਖਕ ਦੇ ਵਾਂਗ, ਪੌਲੁਸ ਨੇ ਹਰ ਮਨੁੱਖ ਦੇ ਦਿਲ ਵਿਚ ਲੁਕੀਆਂ ਹੋਈਆਂ ਪਾਪੀ ਇੱਛਾਵਾਂ ਨੂੰ ਦਰਸਾਉਣ ਦੇ ਲਈ, "ਸਰੀਰਕ" (σάρξ, *ਸਾਰਕਸ*) ਸ਼ਬਦ ਦਾ ਇਸਤੇਮਾਲ ਕੀਤਾ। ਅਜਿਹੀਆਂ ਇੱਛਾਵਾਂ ਆਪਣੇ ਆਪ ਨੂੰ ਹੋਰ ਵੀ ਜ਼ਿਆਦਾ ਸੁੰਦਰ ਜਾਂ ਖੁੱਲ੍ਹੇ ਤਰੀਕੇ ਦੇ ਨਾਲ ਪਰਗਟ ਕਰਦੀਆਂ ਹਨ। ਜੇ. ਏ. ਮੋਟਰ ਨੇ ਲਿਖਿਆ, ਕਿ "'ਸਰੀਰਕ,'" "ਪਾਪੀਪੁਣੇ ਦਾ ਇੱਕ ਗਤੀਸ਼ੀਲ ਸਿਧਾਂਤ ਹੈ।"[1] ਜਦੋਂ ਤਕ ਉਹ ਪਰੇਸ਼ਾਨ ਹੋ ਕੇ, ਇੱਕ ਦੂਜੇ ਦੇ ਨਾਲ ਬਹਿਸ ਕਰ ਰਹੇ ਸਨ ਕਿ ਉਨ੍ਹਾਂ ਵਿਚੋਂ ਕਿਸ ਨੇ ਗਿਆਨ ਦੀ ਖੋਜ ਕੀਤੀ ਸੀ, ਉਨ੍ਹਾਂ ਚਿਰ ਪੌਲੁਸ ਦੇ ਲਈ ਉਨ੍ਹਾਂ ਨੂੰ ਪ੍ਰਭੂ ਦੇ ਨੇੜੇ ਲੈ ਜਾਣਾ ਮੁਸ਼ਕਲ ਸੀ। ਜਿਸ ਤਰੀਕੇ ਦੇ ਨਾਲ ਉਹ ਆਪਣੇ ਆਪ ਨੂੰ ਆਤਮਿਕ ਨਹੀਂ, ਸਗੋਂ ਇਨਸਾਨੀ ਦਿਖਾ ਰਹੇ ਸਨ, ਉਸ ਨੇ ਪੌਲੁਸ ਨੂੰ ਹੈਰਾਨ ਕਰ ਦਿੱਤਾ ਸੀ। ਸ਼ੁਰੂ ਵਿਚ, ਉਹ ਸਰੀਰਕ ਸਨ। ਫਿਰ ਜਦੋਂ ਉਹ ਸਿਰਫ ਨਵੇਂ ਜਨਮੇ ਬੱਚੇ ਹੀ ਸਨ- ਉਸ ਸਮੇਂ, ਇਹ ਗੱਲ ਉਸ ਸਮੇਂ ਹੋਰ ਵੀ ਸਮਝ ਵਿਚ ਆ ਗਈ ਸੀ। ਹੁਣ, ਸਾਲਾਂ ਪਿੱਛੋਂ, ਜਦੋਂ ਪੌਲੁਸ ਬਹੁਤ ਜ਼ਿਆਦਾ ਪ੍ਰੌੜ੍ਹਤਾ ਦੀ ਭਾਲ ਨਹੀਂ ਕਰ ਰਿਹਾ ਸੀ। ਉਸ ਨੇ ਉਨ੍ਹਾਂ ਨੂੰ ਸਥਿਤੀ ਤੋਂ ਪਿੱਛੇ ਮੁੜ ਕੇ ਆਪਣੇ ਆਪ ਦੀ ਜਾਚ ਕਰਨ ਦੇ

ਲਈ ਕਿਹਾ। ਤਾਂ ਉਸ ਨੇ ਪੁੱਛਿਆ, **ਕੀ ਤੁਸੀਂ ਸਰੀਰਕ ਨਹੀਂ ਅਤੇ ਇਨਸਾਨੀ ਚਾਲ ਨਹੀਂ ਚੱਲਦੇ ਹੋ?**

**ਆਇਤ 4.** ਪੌਲੁਸ ਨੇ ਤੱਥਾਂ ਦੇ ਨਾਲ ਕੁਰਿੰਥੁਸ ਦੇ ਮਸੀਹੀਆਂ ਦਾ ਸਾਹਮਣਾ ਕੀਤਾ: ਗਿਆਨ ਅਤੇ ਸਿੱਖਣ ਦਾ ਕੋਈ ਮੁੱਲ ਨਹੀਂ ਹੈ ਜਦੋਂ ਤਕ ਇਹ ਪਰਮੇਸ਼ੁਰ ਦੇ ਪ੍ਰਕਾਸ਼ਣ ਤੇ ਅਧਾਰਤ ਨਾ ਹੋਵੇ (2:6)। ਜਦੋਂ ਤਕ ਦਲ ਇਹੋ ਜਿਹੇ ਦਾਅਵੇ ਕਰਦੇ ਰਹੇ ਸਨ "**ਮੈਂ ਪੌਲੁਸ ਦਾ ਹਾਂ**" ਅਤੇ "**ਮੈਂ ਅਪੁੱਲੋਸ ਦਾ ਹਾਂ**" ਉਦੋਂ ਤਕ ਕੁਰਿੰਥੀਆਂ ਦੇ ਲੋਕ ਆਤਮਿਕ ਤੌਰ ਤੇ ਬੱਚੇ ਸਨ। ਪਹਿਲਾਂ, ਰਸੂਲ ਨੇ ਚਾਰ ਨਾਮ ਦਿੱਤੇ ਸਨ: "ਪੌਲੁਸ," "ਅਪੁੱਲੋਸ," "ਕੇਫ਼ਾਸ," ਅਤੇ "ਮਸੀਹ" (1:12 ਤੇ ਟਿੱਪਣੀਆਂ ਵੇਖੋ)। ਇਸ ਸੂਚੀ ਵਿਚ ਦੋ ਆਦਮੀਆਂ ਦੀ ਕਮੀ ਇਸ ਗੱਲ ਨੂੰ ਦਰਸਾਉਂਦੀ ਹੈ ਕਿ ਕੁਰਿੰਥੁਸ ਦੀ ਕਲੀਸੀਆ ਵਿਚ ਧੜੇਬੰਦੀ ਪੌਲੁਸ ਜਾਂ ਅਪੁੱਲੋਸ ਦੇ ਲਈ ਪ੍ਰਾਥਮਿਕਤਾ ਤੇ ਕੇਂਦਰਿਤ ਸੀ। ਪੌਲੁਸ ਬੋਲਣ ਵਿਚ ਅਨਾੜੀ ਸੀ (2 ਕੁਰਿੰਥੀਆਂ 11:6)। ਅਪੁੱਲੋਸ ਸੁਆਰਾ ਬੋਲਣ ਵਾਲਾ, ਅਤੇ ਲਿਖਤਾਂ ਵਿਚ ਵੱਡਾ ਸੁਚੇਤ ਸੀ (ਰਸੂਲਾਂ ਦੇ ਕਰਤੱਬ 18:24)। ਇਹ ਵਿਚਾਰ ਕਿ ਕੇਫ਼ਾਸ ਉੱਥੇ ਗਿਆ ਸੀ ਉੱਨਾ ਹੀ ਅਸੰਭਵ ਹੈ ਜਿੰਨਾ ਇਹ ਵਿਚਾਰ ਕਿ ਮਸੀਹ ਉੱਥੇ ਗਿਆ ਸੀ। ਕੇਫ਼ਾਸ 3:22 ਵਿਚ ਦੁਬਾਰਾ ਦਿਖਾਈ ਦਿੰਦਾ ਹੈ, ਪਰ ਕਿਸੇ ਧੜੇ ਦੇ ਪ੍ਰਤੀਨਿਧੀ ਦੇ ਰੂਪ ਵਿਚ ਨਹੀਂ।[2]

ਅੰਤਿਮ ਪ੍ਰਸ਼ਨ, **ਤਾਂ ਕੀ ਤੁਸੀਂ ਇਨਸਾਨ ਹੀ ਨਹੀਂ?** ਯੂਨਾਨੀ ਭਾਸ਼ਾ ਵਿਚ ਗੁਪਤ ਹੈ। ਸਪੱਸ਼ਟ ਤੌਰ ਤੇ ਪੌਲੁਸ ਦਾ ਅਰਥ ਇਹ ਹੀ ਸੀ ਕਿ, ਮਨੁੱਖੀ ਸਿੱਖਿਅਕਾਂ ਦੇ ਪ੍ਰਤੀ ਆਪਣੀ ਭਗਤੀ ਨੂੰ ਜੋੜ ਕੇ, ਉਹ ਸੰਸਾਰ ਦੇ ਉਨ੍ਹਾਂ ਲੋਕਾਂ ਦੇ ਵਾਂਗ ਕੰਮ ਕਰ ਰਹੇ ਹਨ ਜੋ ਮਸੀਹ ਦੇ ਦੁਆਰਾ ਪ੍ਰਭਾਵਿਤ ਨਹੀਂ ਹੋਏ ਸਨ। ਉਨ੍ਹਾਂ ਦਾ ਵਿਹਾਰ ਇਸ ਗੱਲ ਦਾ ਸੰਕੇਤ ਦਿੰਦਾ ਹੈ ਕਿ ਉਹ ਇਕਦਮ ਆਤਮਿਕ ਨਹੀਂ ਹਨ, ਪਰ ਪੂਰੀ ਤਰ੍ਹਾਂ ਸਰੀਰ ਦੇ ਗੁਲਾਮ ਸਨ। ਉਹ ਮਸੀਹ ਦੇ ਸਰੀਰ ਦੀ ਜ਼ਰੂਰੀ ਏਕਤਾ ਦੇ ਲਈ ਕੋਈ ਕਦਰ ਪਰਗਟ ਨਹੀਂ ਕਰ ਰਹੇ ਸਨ (1:10)।

**ਆਇਤ 5.** ਯੂਨਾਨੀ ਭਾਸ਼ਾ ਦਾ ਪ੍ਰਸ਼ਨਵਾਚਕ ਪੁਰਖ ਪੜਨਾਂਵ (τίς, *ਟਿਸ,* "ਕੌਣ?") ਆਮ ਤੌਰ ਤੇ ਨਪੁੰਸਕ (τί, *ਟੀ,* "ਕੀ"?) ਦੇ ਨਾਲ ਬਦਲ ਜਾਂਦਾ ਹੈ। ਪਾਠਕ ਇਸ ਗੱਲ ਦੀ ਉਮੀਦ ਕਰ ਸਕਦਾ ਹੈ ਕਿ ਪੌਲੁਸ ਇਹ ਪੁੱਛਣ ਦੇ ਵਿਚ, ਪੁਰਖਵਾਚਕ ਪੜਨਾਂਵ ਦੀ ਵਰਤੋਂ ਕਰ ਸਕਦਾ ਸੀ, "ਫੇਰ ਅਪੁੱਲੋਸ ਕੌਣ ਹੈ? ਅਤੇ ਪੌਲੁਸ ਕੌਣ ਹੈ?" ਇਸ ਦੀ ਬਜਾਇ, ਉਸ ਨੇ ਨਪੁੰਸਕ ਦਾ ਇਸਤੇਮਾਲ ਕੀਤਾ: **ਫੇਰ ਅਪੁੱਲੋਸ ਕੀ ਹੈ ਅਤੇ ਪੌਲੁਸ ਕੀ ਹੈ?** ਜੇਕਰ ਨਪੁੰਸਕ ਪੜਨਾਵਾਂ ਦਾ ਇਸਤੇਮਾਲ ਕਰਕੇ ਰਸੂਲ ਦਾ ਅਰਥ ਕੋਈ ਵੀ ਚੀਜ਼ ਦੱਸਣਾ ਸੀ, ਤਾਂ ਉਹ ਸ਼ਾਇਦ ਦੋਵਾਂ ਸਿੱਖਿਅਕਾਂ ਦੁਆਰਾ ਕੀਤੇ ਗਏ ਕੰਮ ਦੀ ਸਮੁੱਚੀ ਜਾਣਕਾਰੀ ਵੱਲ ਧਿਆਨ ਖਿੱਚਣਾ ਚਾਹੁੰਦਾ ਸੀ।[3] ਜੋ ਨਿਸ਼ਚਤ ਹੈ ਉਹ ਇਹ ਹੈ ਕਿ ਕੁਰਿੰਥੁਸ ਦੇ ਲੋਕ ਜੋ ਪਰਚਾਰ ਕੀਤਾ ਜਾ ਰਿਹਾ ਹੈ ਉਸ ਦੀ ਬਜਾਇ ਉਨ੍ਹਾਂ ਲੋਕਾਂ ਉੱਤੇ ਬਹੁਤ ਹੀ ਜ਼ਿਆਦਾ ਜ਼ੋਰ ਦੇ ਰਹੇ ਸਨ ਜਿਨ੍ਹਾਂ ਨੇ ਸ਼ਹਿਰ ਦੇ ਵਿਚ ਪ੍ਰਚਾਰ ਕੀਤਾ ਸੀ। ਗੋਰਡਨ ਡੀ. ਫੀ ਨੇ ਵੇਖਿਆ ਹੈ, "ਕਲੀਸੀਆ ਅਤੇ ਉਸ ਦੀ ਅਗਵਾਈ ਦੇ ਸਵਰੂਪ ਦੇ ਮੁੱਦੇ ਤੇ – ਖਾਸ ਤੌਰ ਤੇ ਸਿੱਖਿਅਕਾਂ ਦੀ ਭੂਮਿਕਾ ਦੇ ਵਿਸ਼ੇ ਤੇ ਉਨ੍ਹਾਂ ਦੀ ਗਲਤ ਧਾਰਣਾ ਹੈ।"[4]

ਪੌਲੁਸ ਨੇ ਜ਼ੋਰ ਦੇ ਕੇ ਕਿਹਾ, ਕਿ ਸਿੱਖਿਅਕ, ਸੇਵਕ ਤੋਂ ਵੱਧ ਕੇ ਜਾਂ ਘੱਟ ਕੁਝ ਨਹੀਂ ਹਨ ਉਹ **ਸੇਵਕ ਜਿਨ੍ਹਾਂ ਦੇ ਵਸੀਲੇ ਨਾਲ ਤੁਸਾਂ ਨਿਹਚਾ ਕੀਤੀ।** ਸੱਚਾਈ ਦਾ ਪ੍ਰਚਾਰ ਕਰਨ ਦੇ ਦੁਆਰਾ ਮਸੀਹ ਅਤੇ ਉਸ ਦੇ ਲੋਕਾਂ ਦਾ ਸੇਵਾ ਕਰਨਾ ਇੱਕ ਮਾਣ ਦੀ ਗੱਲ ਹੈ; ਪਰ ਜਦੋਂ ਮਸੀਹੀ ਲੋਕ ਸਿੱਖਿਅਕਾਂ ਨੂੰ ਉੱਚੀਆਂ ਪਦਵੀਆਂ ਤੇ ਬਿਠਾਉਂਦੇ ਹਨ ਅਤੇ ਉਨ੍ਹਾਂ ਦੇ

ਆਲੇ-ਦੁਆਲੇ ਦਲ ਬੰਨ੍ਹ ਲੈਂਦੇ ਹਨ, ਤਾਂ ਉਹ ਉਨ੍ਹਾਂ ਦਾ ਅਨਾਦਰ ਕਰਦੇ ਹਨ ਜਿਨ੍ਹਾਂ ਦਾ ਉਦੇਸ਼ ਪ੍ਰਭੂ ਦੇ ਸੇਵਕ ਹੋਣਾ ਹੈ। ਇੱਥੋਂ ਤਕ ਕਿ ਪੌਲੁਸ ਅਤੇ ਅਪੁੱਲੋਸ ਵਰਗੇ ਮਹਾਨ ਸਿੱਖਿਅਕਾਂ ਦੇ ਲਈ ਵੀ ਅਜਿਹਾ ਹੀ ਹੈ। ਤਾਂ ਅੱਜ ਦੇ ਯੁੱਗ ਵਿਚ ਘੱਟ ਪ੍ਰਾਪਤੀਆਂ ਵਾਲੇ ਪ੍ਰਚਾਰਕਾਂ ਦੇ ਲਈ ਇਹ ਹੋਰ ਵੀ ਕਿੰਨਾ ਸਹੀ ਹੈ!

ਪਰਮੇਸ਼ੁਰ ਦੇ ਨਾਲ ਆਪਣੇ ਰਿਸ਼ਤੇ ਵਿਚ, ਉਹ "ਬੰਨ੍ਹਿਆ ਹੋਇਆ ਦਾਸ" (δοῦλος, *ਡੌਲੋਸ*) ਸੀ; ਪਰ ਕਲੀਸੀਆ ਦੇ ਨਾਲ ਆਪਣੇ ਸੰਬੰਧ ਵਿਚ, ਉਹ ਇੱਕ ਮੰਤਰੀ ਜਾਂ "ਸੇਵਕ" (διάκονος, *ਡਾਇਕੋਨੋਸ*) ਸੀ। ਉਸ ਨੇ ਇਸ ਗੱਲ ਨੂੰ ਸਪੱਸ਼ਟ ਕੀਤਾ ਕਿ ਨਾ ਉਸ ਨੇ ਨਾ ਹੀ ਅਪੁੱਲੋਸ ਨੇ ਆਪਣੇ ਆਪ ਨੂੰ ਉਸ ਦੇ ਸਾਹਮਣੇ ਇੱਕ ਸਿੱਖਿਅਕ ਦੇ ਰੂਪ ਵਿਚ ਅੱਗੇ ਕੀਤਾ ਜਿਸ ਦੇ ਸਾਹਮਣੇ ਸਾਰਿਆਂ ਨੂੰ ਝੁੱਕਣਾ ਚਾਹੀਦਾ ਹੈ। ਪਰਮੇਸ਼ੁਰ ਨੇ **ਹਰੇਕ ਨੂੰ ਦਾਨ ਦਿੱਤਾ** (ਪੌਲੁਸ ਨੂੰ ਅਤੇ ਅਪੁੱਲੋਸ ਨੂੰ) ਕਿ ਉਹ ਆਪਣੇ ਤਰੀਕੇ ਦੇ ਨਾਲ ਪਰਮੇਸ਼ੁਰ ਦੀ ਸੇਵਾ ਕਰਨ। ਨਾ ਹੀ ਕੋਈ ਆਪਣੇ ਪ੍ਰਤਿ ਕਿਸੇ ਧੜੇਬੰਦੀ ਦੀ ਵਫ਼ਾਦਾਰੀ ਦਾ ਇਛੁੱਕ ਸੀ। ਜਿਵੇਂ ਪੌਲੁਸ ਅਤੇ ਅਪੁੱਲੋਸ ਸਾਥੀ ਸਨ, ਮਸੀਹ ਦੇ ਵਿਚ ਇਕਜੁੱਟ ਸਨ, ਉਸੇ ਤਰ੍ਹਾਂ ਕੁਰਿੰਥੁਸ ਦੀ ਕਲੀਸੀਆ ਨੂੰ ਇੱਕ ਜੁੱਟ ਹੋ ਜਾਣਾ ਚਾਹੀਦਾ ਹੈ। ਮਸੀਹੀ ਪ੍ਰੌੜ੍ਹਤਾ ਦਾ ਨਿਸ਼ਾਨ ਸੇਵਾ ਹੈ, ਨਾ ਕਿ ਸ਼ਲਾਘਾ।

**ਆਇਤ 6.** ਕਲੀਸੀਆ ਵਿਚ ਸਿੱਖਿਅਕਾਂ ਦੀ ਭੂਮਿਕਾ ਨੂੰ ਸਪੱਸ਼ਟ ਕਰਨ ਦੇ ਲਈ, ਪੌਲੁਸ ਨੇ ਖੇਤੀਬਾੜੀ ਤੋਂ ਲਈ ਹੋਈ ਇੱਕ ਉਦਾਹਰਣ ਨੂੰ ਪੇਸ਼ ਕੀਤਾ। ਉਹ ਪਹਿਲਾ ਆਦਮੀ ਸੀ ਜਿਸ ਨੇ ਸ਼ੁਰੂ ਵਿਚ ਕੁਰਿੰਥੁਸ ਦੇ ਵਿਚ ਮਸੀਹ ਦਾ ਪ੍ਰਚਾਰ ਕੀਤਾ ਸੀ। ਅਪੁੱਲੋਸ ਨੇ ਪੈਦਾ ਹੋ ਰਹੇ ਵਿਸ਼ਵਾਸ ਦਾ ਪੋਸ਼ਣ ਕੀਤਾ ਜਾ ਉੱਭਰ ਰਿਹਾ ਸੀ। ਪੌਲੁਸ ਨੇ ਕਿਹਾ, **ਮੈਂ ਤਾਂ ਬੂਟਾ ਲਾਇਆ ਅਤੇ ਅਪੁੱਲੋਸ ਨੇ ਸਿੰਜਿਆ।** ਪੌਲੂਸ ਅਤੇ ਅਪੁੱਲੋਸ ਦੇ ਕੰਮ ਪੂਰਕ ਸਨ। ਪੌਲੁਸ ਨੇ ਅਪੁੱਲੋਸ ਨੂੰ ਮਾਣ ਦਿੱਤਾ। ਉਸ ਦੇ ਸ਼ਬਦਾਂ ਵਿਚ ਦੋ ਪ੍ਰਚਾਰਕਾਂ ਦੇ ਵਿਚ ਦੁਸ਼ਮਣੀ ਦੀ ਛੋਟੀ ਜਿਹੀ ਝਲਕ ਵੀ ਨਹੀਂ ਹੈ। ਜਦੋਂ ਆਤਮਾਵਾਂ ਨੂੰ ਬਚਾਇਆ ਗਿਆ, ਤਾਂ **ਪਰਮੇਸ਼ੁਰ ਨੇ ਵਧਾਇਆ। ਕੁਰਿੰਥੁਸ ਦੇ ਲੋਕਾਂ ਦੇ ਲਈ ਇਹ ਮੂਰਖਤਾ ਸੀ ਕਿ ਉਹ ਪਰਮੇਸ਼ੁਰ ਦੇ ਦੋਵਾਂ ਸੇਵਕਾਂ ਵਿਚੋਂ ਕਿਸੇ ਵੀ ਇੱਕ ਦੇ ਦੁਆਲੇ ਦਲ ਬਣਾਉਣ।** ਪੌਲੁਸ ਅਤੇ ਅਪੁੱਲੋਸ ਦੋਵੇਂ ਪਿਛੋਕੜ ਦੇ ਵਿਚ ਘੱਟਦੇ ਜਾਣਾ ਚਾਹੁੰਦੇ ਸਨ, ਉਹ ਸਾਰੇ ਮਨੁੱਖੀ ਮਾਣਕਾਂ ਨੂੰ ਕੁਝ ਵੀ ਨਹੀਂ ਸਮਝਦੇ ਸਨ ਤਾਂਕਿ ਮਸੀਹ ਦੀ ਮਹਿਮਾ ਹੋਵੇ (ਫ਼ਿਲਿੱਪੀਆਂ 3:8, 9)।

**ਆਇਤ 7.** ਪੌਲੁਸ ਅਤੇ ਅਪੁੱਲੋਸ ਖੇਤ ਵਿਚਲੇ ਮਜ਼ਦੂਰ ਸਨ, ਪਰ ਕੁਰਿੰਥੁਸ ਦੀ ਕਲੀਸੀਆ ਆਪ ਖੇਤ ਸੀ। ਸਿੱਖਿਅਕ ਜੋ ਸਭ ਕੁਝ ਕਰ ਸਕਦੇ ਸਨ ਉਹ ਜ਼ਮੀਨ ਨੂੰ ਤਿਆਰ ਕਰਨਾ, ਬੀਜ ਬੀਜਣਾ, ਸਿੰਜਣਾ, ਅਤੇ ਖਾਦ ਪਾਉਣਾ। ਇਹ ਸਾਰੀਆਂ ਕੋਸ਼ਿਸ਼ਾਂ ਬੀਜ ਦੇ ਉੱਗਣ ਅਤੇ ਮਿੱਟੀ ਵਿਚੋਂ ਹਰੀ ਟਹਿਣੀ ਨਿਕਲਣ ਦੇ ਚਮਤਕਾਰ ਦੇ ਮੁਕਾਬਲੇ ਫਿੱਕੇ ਪੈ ਜਾਂਦੇ ਹਨ। ਸੇਵਕਾਂ ਨੇ ਪਰਛਾਵਿਆਂ ਵਿਚ ਕਦਮ ਰੱਖਿਆ; ਪਰ **ਪਰਮੇਸ਼ੁਰ ਨੇ ਵਧਾਇਆ** ਸੀ। ਕਲੀਸੀਆ ਇੱਕ ਸਰੀਰ ਸੀ ਜਿਸ ਨੂੰ ਸਲੀਬ ਦੇ ਦੁਆਰਾ ਅਕਾਰ ਦਿੱਤਾ ਗਿਆ ਸੀ (2:2) ਕਿਉਂਕਿ ਇਸ ਦੇ ਸੰਦੇਸ਼ ਨੇ ਆਦਮੀਆਂ ਅਤੇ ਇਸਤਰੀਆਂ ਦੀ ਮੁਕਤੀ ਵੱਲ ਅਗਵਾਈ ਕੀਤੀ ਸੀ।

**ਆਇਤ 8.** ਇੱਕ ਅਰਥ ਵਿਚ, ਪੌਲੁਸ, ਅਪੁੱਲੋਸ, ਅਤੇ ਵਚਨ ਦੇ ਹਰ ਵਿਸ਼ਵਾਸਯੋਗ ਸਿੱਖਿਅਕ ਦਾ ਮਨ, ਦਿਲ ਅਤੇ ਕੋਸ਼ਿਸ਼ਾਂ **ਇੱਕ ਹਨ।** NRSV ਨੇ ਇਸ ਅਰਥ ਨੂੰ ਚੰਗੀ ਤਰ੍ਹਾਂ ਦੇ ਨਾਲ ਸਮਝ ਲਿਆ ਹੈ: "ਜੋ ਬੂਟਾ ਲਾਉਂਦਾ ਹੈ ਅਤੇ ਜੋ ਸਿੰਜਦਾ ਹੈ ਉਨ੍ਹਾਂ ਦੋਵਾਂ ਦਾ ਉਦੇਸ਼

ਸਮਾਨ ਹੈ।" ਇਸ ਦੇ ਨਾਲ ਨਾਲ, ਹਰ ਇੱਕ ਸਿੱਖਿਅਕ ਇੱਕ ਵਿਅਕਤੀ ਹੈ ਜਿਸ ਦੀਆਂ ਯੋਗਤਾਵਾਂ ਆਪਣੇ ਆਪ ਵਿਚ ਅਨੋਖੀਆਂ ਹੁੰਦੀਆਂ ਹਨ। ਹਰ ਇੱਕ ਆਪਣੇ ਤਰੀਕੇ ਦੇ ਨਾਲ ਕਲੀਸੀਆ ਦੇ ਵਿਕਾਸ ਦੇ ਵਿਚ ਹਿੱਸਾ ਪਾਉਂਦਾ ਹੈ। ਅੰਤ ਵਿਚ, ਪਰਮੇਸ਼ੁਰ ਸਾਰੇ ਮਨੁੱਖੀ ਦਿਲਾਂ ਨੂੰ ਪਰਖੇਗਾ। **ਹਰੇਕ ਆਪੋ ਆਪਣੀ ਮਿਹਨਤ ਦੇ ਅਨੁਸਾਰ ਆਪੋ ਆਪਣਾ ਫਲ ਪਾਵੇਗਾ।** ਕੁਰਿੰਥੀਆਂ ਦੇ ਮਸੀਹੀ ਲੋਕਾਂ ਨੇ ਪੌਲੁਸ, ਅਪੁੱਲੋਸ, ਅਤੇ ਹੋਰਨਾਂ ਲੋਕਾਂ ਦੀਆਂ ਕੋਸ਼ਿਸ਼ਾਂ ਦੀ ਸ਼ਲਾਘਾ ਕੀਤੀ ਜੋ ਉਨ੍ਹਾਂ ਨੂੰ ਸੱਚਾਈ ਦਾ ਵਚਨ ਸੁਣਾਉਂਦੇ ਸਨ; ਪਰ ਭੇਦਕਾਰੀ ਤੁਲਨਾ ਕਰਨਾ ਅਣਹੋਣਾ ਸੀ। ਉਨ੍ਹਾਂ ਦੇ ਲਈ ਵਿਅਕਤੀਗਤ ਪ੍ਰਾਥਮਿਕਤਾਵਾਂ ਦੇ ਲਈ ਮਸੀਹ ਦੇ ਸਰੀਰ ਨੂੰ ਵੰਡਣਾ ਮਾਫ ਨਾ ਕਰਨ ਯੋਗ ਸੀ।

ਇਸ ਗੱਲ ਦੀ ਕਲਪਨਾ ਨਹੀਂ ਕੀਤੀ ਜਾ ਸਕਦੀ ਕਿ ਪੌਲੁਸ ਆਪਣੇ ਆਪ ਨੂੰ, ਅਪੁੱਲੋਸ ਦਾ ਕਰੇ ਅਤੇ ਦੂਜਿਆਂ ਦੇ ਪ੍ਰਭਾਵ ਦੇ ਨਾਲ, ਕਿ ਹਰ ਕੋਈ "ਆਪੋ ਆਪਣਾ ਫਲ ਪਾਵੇਗਾ" (ਵੇਖੋ 3:14)। ਇੱਥੇ ਉਸ ਨੇ ਯੂਨਾਨੀ ਸ਼ਬਦ "ਮਜ਼ਦੂਰੀ" ਦਾ ਇਸਤੇਮਾਲ ਕੀਤਾ ਜੋ ਇੱਕ ਕੰਮ ਤੇ ਲਗਾਏ ਭਾੜੇ ਵਾਲੇ ਮਜ਼ਦੂਰ ਨੂੰ ਦਿੱਤਾ ਜਾਂਦਾ ਹੈ (μισθός, *ਮਿਸਥੋਸ,* ਉਹ ਸ਼ਬਦ ਜਿਸ ਦਾ ਅਨੁਵਾਦ "ਮਜ਼ਦੂਰੀ" [NASB] ਜਾਂ "ਮਜ਼ਦੂਰੀਆਂ" [NIV] ਵਿਚ ਰੋਮੀਆਂ 4:4)। ਇੱਕ ਮਜ਼ਦੂਰੀ ਨੇ ਦਿੱਤੀਆਂ ਹੋਈਆਂ ਸੇਵਾਵਾਂ ਦੇ ਬਦਲੇ ਭੁਗਤਾਨ ਦਾ ਸੁਝਾਅ ਦਿੱਤਾ ਹੈ ਅਤੇ ਇਸੇ ਰਸੂਲ ਨੇ ਕਿਹਾ ਹੈ ਕਿ ਪਰਮੇਸ਼ੁਰ ਪਾਪੀ ਨੂੰ ਬਚਾਉਂਦੇ ਹੋਏ ਮਜ਼ਦੂਰੀ ਨਹੀਂ ਲੈਂਦਾ। ਉਹ ਆਪਣੇ ਆਪ ਨੂੰ ਇੱਕ ਅਯੋਗ ਦਾਸ ਦੇ ਰੂਪ ਵਿਚ ਸਮਝਦਾ ਹੈ ਜੋ ਇੰਜੀਲ ਦਾ ਪ੍ਰਚਾਰ ਕਰਨ ਤੋਂ ਨਹੀਂ ਰਹਿ ਸਕਦਾ ਹੈ (1 ਕੁਰਿੰਥੀਆਂ 4:1; 9:16; 1 ਤਿਮੋਥਿਉਸ 1:15; ਵੇਖੋ ਲੂਕਾ 17:10)। ਵਿਸ਼ਵਾਸੀ ਦਾ ਵਿਸ਼ਵਾਸ "ਉਹ ਦੇ ਲਈ ਧਰਮ ਗਿਣਿਆ ਜਾਂਦਾ ਹੈ" (ਰੋਮੀਆਂ 4:3; NIV)। ਜਦਕਿ ਪਰਮੇਸ਼ੁਰ ਅਯੋਗਤਾ ਵਿਚ ਪਰਮੇਸ਼ੁਰ ਦੀ ਦਯਾ ਦਾ ਨਮੂਨਾ ਪੌਲੁਸ ਦਾ ਤਰਕਸੰਗਤ ਸੰਦੇਸ਼ ਹੈ, ਪਰ ਰਸੂਲ ਮਨੁੱਖੀ ਜ਼ਿੰਮੇਵਾਰੀ ਤੇ ਜ਼ੋਰ ਦੇਣ ਤੋਂ ਨਹੀਂ ਸ਼ਰਮਾਉਂਦਾ ਹੈ। ਪੌਲੁਸ ਦੇ ਮਨ ਵਿਚ ਜੋ ਮਜ਼ਦੂਰੀ ਹੈ ਉਹ ਉਹ ਹੈ ਜੋ ਪ੍ਰਭੂ ਦੇ ਦੁਆਰਾ ਉਨ੍ਹਾਂ ਸੇਵਕਾਂ ਨੂੰ ਦਿੱਤੀ ਗਈ ਸੀ ਜਿਨ੍ਹਾਂ ਨੇ – ਸਿਰਫ ਦਿਨ ਦੇ ਇੱਕ ਘੰਟੇ ਹੀ ਕੰਮ ਕੀਤਾ ਸੀ (ਮੱਤੀ 20:8)। ਧਰਮੀ ਠਹਿਰਾਇਆ ਜਾਣਾ ਯੋਗਤਾ ਦੇ ਅਨੁਸਾਰ ਮਜ਼ਦੂਰੀ ਨਹੀਂ ਹੈ, ਪਰ ਇਹ ਵਿਹਾਰ ਵਿਚ ਵਿਖਾਇਆ ਜਾਣ ਵਾਲੇ ਵਿਸ਼ਵਾਸ ਦਾ ਪਰਿਣਾਮ ਹੈ (ਰੋਮੀਆਂ 2:13)।

**ਆਇਤ 9.** 3:9 ਵਿਚਲੇ ਯੂਨਾਨੀ ਵਾਕ ਵਿਚ ਸਭ ਤੋਂ ਪਹਿਲਾਂ "ਪਰਮੇਸ਼ੁਰ ਦਾ" ਸੰਬੰਧ-ਸੂਚਕ ਸ਼ਬਦ ਆਉਂਦਾ ਹੈ। ਅਸਲ ਵਿਚ, ਇਹ ਕਹਿੰਦਾ ਹੈ, "ਕਿਉਂ ਜੋ ਅਸੀਂ ਕੰਮ ਕਰਨ ਵਿੱਚ ਪਰਮੇਸ਼ੁਰ ਦੇ ਸਾਂਝੀ ਹਾਂ।" ਪਰਮੇਸ਼ੁਰ ਦੇ ਉੱਤੇ ਇੱਕ ਸਪੱਸ਼ਟ ਜ਼ੋਰ ਦਿੱਤਾ ਗਿਆ ਹੈ। ਪੌਲੁਸ ਨੇ ਇਸ ਗੱਲ ਨੂੰ ਸਪੱਸ਼ਟ ਕਰ ਦਿੱਤਾ ਕਿ ਪਰਮੇਸ਼ੁਰ ਮਸੀਹੀਆਂ ਦੀਆਂ ਸਾਰੀਆਂ ਕੋਸ਼ਿਸ਼ਾਂ ਦਾ ਕੇਂਦਰ-ਬਿੰਦੂ ਹੈ। ਘੱਟੋ ਘੱਟ ਮੌਜੂਦਾ ਸਮਾਨਤਾ ਦੇ ਹਵਾਲੇ ਵਿਚ, ਪੌਲੁਸ ਅਤੇ ਅਪੁੱਲੋਸ, **ਕੰਮ ਕਰਨ ਵਿੱਚ ਪਰਮੇਸ਼ੁਰ ਦੇ ਸਾਂਝੀ** ਸਨ, ਭਾਵੇਂ ਯੋਗਤਾ ਵਿਚ ਉਹ ਸਿਰਫ ਸੇਵਕ ਸਨ। ਮਸੀਹ ਦਾ ਸੇਵਕ ਪਰਮੇਸ਼ੁਰ ਦੇ ਨਾਲ ਆਪਣੇ ਰਿਸ਼ਤੇ ਤੋਂ ਆਪਣਾ ਮਹੱਤਵ ਦੱਸਦਾ ਹੈ। ਇਸ ਵਿਚ ਆਪਣੇ ਲਈ-ਸਵੈ ਇੱਛਾਵਾਂ, ਜਾਂ ਆਪਣੀ ਮਹਿਮਾ ਦੀ ਭਾਲ ਕਰਨ ਦੇ ਲਈ ਕੋਈ ਥਾਂ ਨਹੀਂ ਹੈ। ਸਰੀਰ ਸੁਭਾਵਿਕ ਤੌਰ ਤੇ ਇੱਕ ਹੈ। ਕੁਰਿੰਥੀਆਂ ਦੇ ਲੋਕ **ਪਰਮੇਸ਼ੁਰ ਦੀ ਖੇਤੀ ਅਰ ਪਰਮੇਸ਼ੁਰ ਦਾ ਭਵਨ** ਸਨ। ਪਹਿਲਾਂ ਤੋਂ ਹੀ, ਰਸੂਲ ਇੱਕ ਖੇਤੀ ਦੇ ਰੂਪਕ ਤੋਂ ਇੱਕ ਇਮਾਰਤ ਦੇ ਰੂਪਕ ਤੋਂ ਉਸ ਦੀ ਤੁਲਨਾ ਦੀ ਆਲੋਚਨਾ ਕਰ ਰਿਹਾ ਹੈ

(3:10-17)। ਬਹੁਤ ਜ਼ਿਆਦਾ ਵਿਸਥਾਰ ਦੇ ਲਈ ਪਾਠਕ ਨੂੰ ਪੌਲੁਸ ਦੇ ਭਾਸ਼ਣਾਂ – "ਸੰਗੀ ਦਾਸ," "ਖੇਤੀ," "ਭਵਨ" – ਨਹੀਂ ਦਰਸਾਉਣਾ ਚਾਹੀਦਾ ਹੈ। ਉਸ ਦਾ ਬਿੰਦੂ ਪਰਮੇਸ਼ੁਰ ਦੇ ਸੇਵਕਾਂ ਦੇ ਖਾਸ ਕੰਮਾਂ ਦੇ ਨਾਲ ਜ਼ਿਆਦਾ ਸੰਬੰਧਤ ਨਹੀਂ ਹੈ ਕਿਉਂਕਿ ਜੋ ਕੁਝ ਵੀ ਕੀਤਾ ਗਿਆ ਸੀ ਉਹ ਪਰਮੇਸ਼ੁਰ ਨੂੰ ਕੇਂਦਰ ਵਿਚ ਰੱਖ ਕੇ ਕੀਤਾ ਗਿਆ ਸੀ। ਸਰੀਰ ਦੀ ਏਕਤਾ ਦੇ ਵਿਸ਼ੇ ਵਿਚ ਉਸ ਨੇ ਜੋ ਕੁਝ ਵੀ ਕਿਹਾ ਉਸ ਦਾ ਮਹੱਤਵ ਸਪੱਸ਼ਟ ਹੈ।

## ਪਰਮੇਸ਼ੁਰ ਦਾ ਭਵਨ; ਪਰਮੇਸ਼ੁਰ ਦੀ ਹੈਕਲ (3:10-17)

ਕੁਰਿੰਥੀਆਂ ਦੇ ਲੋਕਾਂ ਦੇ ਸਾਹਮਣੇ ਅਪੁੱਲੋਸ ਦੇ ਦੁਆਰਾ ਅਤੇ ਆਪਣੇ ਆਪ ਦੇ ਦੁਆਰਾ ਕੰਮ ਕਰਦੇ ਹੋਏ, ਰਸੂਲ ਬਹੁਤ ਨਿਪੁਣਤਾ ਦੇ ਨਾਲ ਕੁਰਿੰਥੀਆਂ ਦੇ ਮਸੀਹੀਆਂ ਦੇ ਦੁਆਰਾ ਅਨੁਭਵ ਕੀਤੀ ਕਿਰਪਾ ਅਤੇ ਸਰੀਰ ਦੀ ਪਰਿਪੱਕਤਾ ਅਤੇ ਏਕਤਾ ਦਾ ਨਿਰਮਾਣ ਕਰਨ ਦੇ ਲਈ ਆਲੇ-ਦੁਆਲੇ ਘੁੰਮਦਾ ਰਿਹਾ। ਇਸ ਪ੍ਰਕਿਰਿਆ ਵਿਚ, ਪੌਲੁਸ ਨੇ ਆਪਣੇ ਸਬਕ ਨੂੰ ਸਿੱਖਿਅਕਾਂ ਤੋਂ ਹਟਾ ਕੇ ਪੂਰੀ ਕਲੀਸੀਆ ਤੇ ਲੈ ਆਂਦਾ। ਕੁਰਿੰਥੀਆਂ ਦੇ ਹਰ ਇੱਕ ਮਸੀਹੀ ਨੂੰ ਇਮਾਰਤ ਦੀ ਉਸਾਰੀ ਵਿਚ ਆਪਣੇ ਹਿੱਸੇ ਦੀ ਜਾਂਚ ਕਰਨ ਅਤੇ ਇਸ ਦੀ ਬਣਤਰ ਦੀ ਮਜ਼ਬੂਤੀ ਵਿਚ ਆਪਣੇ ਯੋਗਦਾਨ ਦੀ ਜਾਂਚ ਕਰਨ ਦੀ ਲੋੜ ਸੀ। ਅੰਤ ਵਿਚ, ਰਸੂਲ ਉਨ੍ਹਾਂ ਨੂੰ ਇਹ ਦੱਸਣਾ ਚਾਹੁੰਦਾ ਸੀ ਕਿ ਕਲੀਸੀਆ ਦੀ ਤੁਲਨਾ ਇੱਕ ਇਮਾਰਤ ਦੇ ਨਾਲ ਕਰਨਾ ਕਾਫ਼ੀ ਨਹੀਂ ਹੈ। ਅਸਲ ਵਿਚ, ਮਸੀਹ ਦੀ ਕਲੀਸੀਆ, ਪਰਮੇਸ਼ੁਰ ਦੀ ਹੈਕਲ ਹੈ। ਪਰਮੇਸ਼ੁਰ ਬਰਾਮਦਿਆਂ ਵਿਚ ਵੱਸਦਾ ਹੈ।

### "ਸੁਚੇਤ ਰਹੋ ਭਈ ਕਿਸ ਤਰਾਂ ਦੀ ਉਸਾਰੀ ਕਰਦੇ ਹੋ" (3:10-15)

**[10]ਪਰਮੇਸ਼ੁਰ ਦੀ ਕਿਰਪਾ ਦੇ ਅਨੁਸਾਰ ਜੋ ਮੈਨੂੰ ਦਾਨ ਹੋਈ ਹੈ ਮੈਂ ਸਿਆਣੇ ਰਾਜ
ਮਿਸਤ੍ਰੀ ਵਾਂਙੁ ਨੀਂਹ ਰੱਖੀ ਅਤੇ ਦੂਜਾ ਉਸ ਉੱਤੇ ਉਸਾਰੀ ਕਰਦਾ ਹੈ। ਸੋ ਹਰੇਕ ਸੁਚੇਤ
ਰਹੇ ਭਈ ਕਿਸ ਤਰਾਂ ਦੀ ਉਸਾਰੀ ਕਰਦਾ ਹੈ। [11]ਕਿਉਂ ਜੋ ਉਸ ਨੀਂਹ ਤੋਂ ਬਿਨਾ ਜੋ ਰੱਖੀ
ਹੋਈ ਹੈ ਦੂਜੀ ਕੋਈ ਨਹੀਂ ਰੱਖ ਸੱਕਦਾ ਅਰ ਉਹ ਯਿਸੂ ਮਸੀਹ ਹੈ। [12]ਪਰ ਜੇ ਕੋਈ ਇਹ
ਨੀਂਹ ਉੱਤੇ ਸੋਨੇ, ਚਾਂਦੀ, ਬਹੁਮੁੱਲੇ ਪੱਥਰਾਂ, ਲੱਕੜਾਂ, ਘਾਹ ਅਤੇ ਭੋ ਦੀ ਉਸਾਰੀ ਕਰੇ।
[13]ਤਾਂ ਹਰੇਕ ਦਾ ਕੰਮ ਪਰਗਟ ਹੋਵੇਗਾ ਕਿਉਂ ਜੋ ਉਹ ਦਿਨ ਉਸ ਨੂੰ ਉਘਾੜ ਦੇਵੇਗਾ
ਇਸ ਲਈ ਜੋ ਉਹ ਅੱਗ ਨਾਲ ਪਰਕਾਸ਼ ਹੁੰਦਾ ਹੈ ਅਤੇ ਅੱਗ ਆਪੇ ਹਰੇਕ ਦਾ ਕੰਮ
ਪਰਖ ਦੇਵੇਗੀ ਭਈ ਉਹ ਕਿਸ ਪਰਕਾਰ ਦਾ ਹੈ। [14]ਜੇ ਕਿਸੇ ਦਾ ਕੰਮ ਜਿਹੜਾ ਉਹ ਨੇ
ਬਣਾਇਆ ਸੀ ਟਿਕਿਆ ਰਹੇਗਾ ਤਾਂ ਉਹ ਨੂੰ ਬਦਲਾ ਮਿਲੇਗਾ। [15]ਜੇ ਕਿਸੇ ਦਾ ਕੰਮ ਸੜ
ਜਾਵੇ ਤਾਂ ਉਹ ਦੀ ਹਾਨੀ ਹੋ ਜਾਵੇਗੀ ਪਰੰਤੂ ਉਹ ਆਪ ਤਾਂ ਬਚ ਜਾਵੇਗਾ ਪਰ
ਸੜਦਿਆਂ ਸੜਦਿਆਂ।**

**ਆਇਤ 10.** ਰਸੂਲ ਨੇ ਮਸੀਹੀਆਂ ਨੂੰ ਇਹ ਗੱਲ ਸਮਝਾਉਣ ਦੇ ਲਈ ਖੇਤੀਬਾੜੀ ਅਤੇ ਘਰ ਬਣਾਉਣ ਦੀ ਕਲਾ ਦੇ ਰੂਪਕਾਂ ਦਾ ਇਸਤੇਮਾਲ ਕੀਤਾ ਕਿ ਪੌਲੁਸ ਅਤੇ ਅਪੁੱਲੋਸ ਨੇ ਮਸੀਹ ਅਤੇ ਉਸ ਦੀ ਕਲੀਸੀਆ ਦੀ ਸੇਵਾ ਕੀਤੀ ਹੈ। ਉਨ੍ਹਾਂ ਵਿਚੋਂ ਕੋਈ ਵੀ ਆਪਣੇ ਆਪ ਨਹੀਂ ਖਲੋਤਾ ਸੀ। ਮਸੀਹੀਆਂ ਦੇ ਲਈ ਕਿਸੇ ਵੀ ਧੜੇ ਦੀ ਵਫ਼ਾਦਾਰੀ ਦਾ ਦਾਅਵਾ ਕਰਨਾ ਪ੍ਰਭੂ ਦਾ ਅਨਾਦਰ ਕਰਨਾ ਸੀ। ਕਲੀਸੀਆ ਖੇਤ ਸੀ ਜਿੱਥੇ ਇਨ੍ਹਾਂ ਸੇਵਕਾਂ ਨੇ ਮਜ਼ਦੂਰੀ ਕੀਤੀ

ਸੀ।

ਵੱਖਰੇ ਤੌਰ ਤੇ ਵਿਚਾਰ ਕਰਨ ਦੇ ਨਾਲ, ਕਲੀਸੀਆ ਪਰਮੇਸ਼ੁਰ ਦਾ ਭਵਨ ਸੀ। "ਇਮਾਰਤ" ਦੇ ਰੂਪਕ ਦਾ ਉਪਯੋਗ ਕਰਦੇ ਹੋਏ ਪੌਲੁਸ ਨੇ ਆਪਣੇ ਅਤੇ ਅਪੁੱਲੋਸ ਦਾ ਕੀਤੇ ਹੋਏ ਕੰਮ ਦੇ ਕੁਝ ਪੱਖਾਂ ਤੇ ਧਿਆਨ ਕੇਂਦ੍ਰਿਤ ਕੀਤਾ ਜਿਨ੍ਹਾਂ ਨੂੰ ਖੇਤ ਦੇ ਰੂਪਕ ਦੇ ਵਿਚ ਨਹੀਂ ਵੇਖਿਆ ਜਾ ਸਕਦਾ ਸੀ।

ਪਰਮੇਸ਼ੁਰ ਦੀ ਕਿਰਪਾ ਦੇ ਨਾਲ, ਪੌਲੁਸ ਨੇ ਕੁਰਿੰਥੀਆਂ ਦੀ ਕਲੀਸੀਆ ਦੀ **ਨੀਂਹ ਰੱਖੀ।** ਰਸੂਲ ਨੇ ਆਪਣੇ ਆਪ ਨੂੰ ਇੱਕ ἀρχιτέκτων (*ਆਰਕਾਟੈਕਟੋਨ,* "ਇੱਕ ਰਾਜ ਮਿਸਤ੍ਰੀ") ਕਿਹਾ ਹੈ।[5] ਇੱਕ ਰਾਜ ਮਿਸਤਰੀ ਦੇ ਰੂਪਕ ਦੇ ਰੂਪ ਵਿਚ ਮੰਨਦੇ ਹੋਏ, ਪੌਲੁਸ ਨੇ ਕੁਰਿੰਥੁਸ ਵਿਖੇ ਕਲੀਸੀਆ ਦੀ ਨੀਂਹ ਰੱਖੀ; ਅਪੁੱਲੋਸ ਨੇ ਉਸ ਦੇ ਉੱਤੇ ਉਸਾਰੀ ਕੀਤੀ। ਉਸ ਨੇ ਚੰਗੀ ਉਸਾਰੀ ਕੀਤੀ, ਪਰ ਹੋਰਨਾਂ ਵੱਲੋਂ ਵੀ ਆਪਣਾ ਯੋਗਦਾਨ ਦੀ ਆਸ ਸੀ। ਕੁਝ ਨੇ ਬੁੱਧੀਮਾਨੀ ਦੇ ਨਾਲ ਉਸਾਰੀ ਕੀਤੀ; ਕਈਆਂ ਨੇ ਘਟੀਆ ਸਮੱਗਰੀ ਦਾ ਇਸਤੇਮਾਲ ਕੀਤਾ। ਇੱਕ ਪਲ ਦੇ ਲਈ, ਰਸੂਲ ਆਪਣੇ ਆਪ ਨੂੰ ਅਤੇ ਅਪੁੱਲੋਸ ਨੂੰ ਅੱਗੇ ਲਿਆਉਣਾ ਚਾਹੁੰਦਾ ਸੀ ਕਿ ਵੇਖੇ ਕਿ ਦੂਸਰੇ ਕਿਵੇਂ ਉਸਾਰੀ ਕਰ ਰਹੇ ਸਨ। ਉਸ ਨੇ ਇਕਵਚਨ ਵਿਸ਼ੇਸ਼ਣ ਅਤੇ ਵਰਤਮਾਨ ਕਾਲ ਦਾ ਇਸਤੇਮਾਲ ਕਰਦੇ ਹੋਏ, ਉਸ ਨੀਂਹ ਦੇ ਵਿਸ਼ੇ ਵਿਚ ਲਿਖਿਆ ਜੋ ਉਸ ਨੇ ਧਰੀ ਸੀ, **ਦੂਜਾ ਉਸ ਉੱਤੇ ਉਸਾਰੀ ਕਰਦਾ ਹੈ।**

ਪੌਲੁਸ ਦੇ ਮਨ ਵਿਚ ਜੋ ਦੂਸਰਾ ਉਸਾਰੀ ਕਰਨ ਵਾਲਾ ਸੀ ਉਹ ਜ਼ਾਹਿਰ ਤੌਰ ਤੇ ਅਪੁੱਲੋਸ ਨਹੀਂ ਸੀ। ਅਪੁੱਲੋਸ ਹੁਣ ਸ਼ਹਿਰ ਵਿਚ ਨਹੀਂ ਸੀ (1 ਕੁਰਿੰਥੀਆਂ 16:12)। ਇੰਝ ਜਾਪਦਾ ਹੈ ਕਿ ਪੌਲੁਸ ਕਿਸੇ ਬੇਨਾਮ ਸਿੱਖਿਅਕ ਦੇ ਵਿਸ਼ੇ ਵਿਚ ਬੋਲ ਰਿਹਾ ਸੀ ਸ਼ਾਇਦ ਇੱਕ ਅਜਿਹਾ ਵਿਅਕਤੀ ਜੋ ਫੁੱਟ ਨੂੰ ਵਧਾਉਣ ਦੇ ਲਈ ਅਪੁੱਲੋਸ ਦੇ ਨਾਮ ਦਾ ਇਸਤੇਮਾਲ ਕਰ ਰਿਹਾ ਸੀ। ਉਸ ਵਿਅਕਤੀ ਦੇ ਵਿਸ਼ੇ ਵਿਚ, ਪੌਲੁਸ ਨੇ ਚੇਤਾਵਨੀ ਦਿੱਤੀ ਕਿ **ਹਰੇਕ ਸੁਚੇਤ ਰਹੇ ਭਈ ਕਿਸ ਤਰਾਂ ਦੀ ਉਸਾਰੀ ਕਰਦਾ ਹੈ।** ਉਹ ਵਿਅਕਤੀ ਜੋ ਸਿੱਖਿਅਕ ਬਣਨਾ ਚਾਹੁੰਦਾ ਹੈ ਉਹ ਆਪਣੇ ਆਪ ਨੂੰ ਅਤੇ ਕਲੀਸੀਆ ਨੂੰ ਬਹੁਤ ਹੀ ਨੁਕਸਾਨ ਪਹੁੰਚਾ ਸਕਦਾ ਹੈ। ਯਾਕੂਬ ਦੇ ਵਾਂਗ, ਪੌਲੁਸ ਨੇ ਹਰ ਕਿਸੇ ਨੂੰ ਜੋ ਇੱਕ ਮਸੀਹੀ ਸਿੱਖਿਅਕ ਬਣਨਾ ਚਾਹੁੰਦਾ ਸੀ ਉਸ ਜ਼ਿੰਮੇਵਾਰੀ ਦੇ ਵਿਸ਼ੇ ਵਿਚ ਚੇਤਾਵਨੀ ਦਿੱਤੀ ਜੋ ਉਹ ਚੁੱਕਣ ਦੇ ਲਈ ਜਾ ਰਿਹਾ ਸੀ- (ਵੇਖੋ ਯਾਕੂਬ 3:1)।

**ਆਇਤ 11.** ਪੌਲੁਸ ਨੇ ਕੁਰਿੰਥੁਸ ਵਿਚ ਜਿਹੜੀ ਨੀਂਹ ਰੱਖੀ ਸੀ ਉਹ ਸੀ "ਯਿਸੂ ਮਸੀਹ, ਸਗੋਂ ਸਲੀਬ ਦਿੱਤਾ ਹੋਇਆ ਮਸੀਹ" ਸੀ (2:2)। ਕੋਈ ਵੀ ਵਧੀਆ-ਇਮਾਰਤ ਬਣਾਉਣ ਦੀ ਕੋਈ ਵੀ ਕੋਸ਼ਿਸ਼ ਜੋ ਸਿੱਖਿਅਕਾਂ ਦੇ ਪ੍ਰਤਿ ਈਮਾਨਦਾਰੀ ਦੇ ਆਧਾਰ ਤੇ ਵੰਡਾਂ ਦਾ ਪਰਿਣਾਮ ਦੇ ਰੂਪ ਵਿਚ ਸਾਹਮਣੇ ਆਈ ਹੈ, ਪੌਲੁਸ ਦੀ ਧਰੀ ਹੋਈ ਨੀਂਹ ਤੋਂ ਇਲਾਵਾ ਹੋਰ ਨੀਂਹ ਦੀ ਮੰਗ ਕਰੇਗੀ। ਕੁਰਿੰਥੀਆਂ ਦੇ ਲੋਕ ਜਿਸ ਫੁੱਟ ਦਾ ਸਾਹਮਣਾ ਕਰ ਰਹੇ ਸਨ ਉਹ ਅਸਲੀ ਨੀਂਹ ਨੂੰ ਰੱਦਣ ਦਾ ਸੰਕੇਤ ਦਿੰਦੀ ਸੀ। **ਕੋਈ** ਵੀ ਮਨੁੱਖ ਜੋ ਜੀਵਨ, ਮੁਕਤੀ, ਅਤੇ ਆਸ ਦੀ ਖੋਜ ਕਰਨਾ ਚਾਹੁੰਦਾ ਹੈ **ਉਸ ਨੀਂਹ ਤੋਂ ਬਿਨਾ ਜੋ ਰੱਖੀ ਹੋਈ ਹੈ ਦੂਜੀ ਨਹੀਂ ਰੱਖ ਸੱਕਦਾ।** ਮਨੁੱਖੀ ਬੁੱਧੀ ਤੇ ਨਿਰਭਰ ਕਰਨਾ ਮਸੀਹ ਦੇ ਸਰੀਰ ਨੂੰ ਤੋੜਣ ਅਤੇ ਪੌਲੁਸ ਦੁਆਰਾ ਰੱਖੀ ਨੀਂਹ ਦਾ ਇਨਕਾਰ ਕਰਨਾ; ਇਹ, ਸਾਰ ਰੂਪ ਵਿਚ, ਮਸੀਹ ਨੂੰ ਰੱਦਣਾ ਸੀ। ਮੁਕਾਬਲੇਬਾਜ਼ੀ ਦੀ ਨੀਂਹ ਉਨ੍ਹਾਂ ਲੋਕਾਂ ਦੇ ਲਈ ਇੱਕ ਪ੍ਰਸ਼ਨ ਹੈ ਜੋ ਮਸੀਹ ਦੀ ਕਲੀਸੀਆ ਬਣਨ ਦੀ ਚਾਹਤ ਰੱਖਦੇ ਹਨ।

**ਆਇਤ 12.** ਪੌਲੁਸ ਨੇ ਮਸੀਹ ਯਿਸੂ ਵਿਚ ਕੁਰਿੰਥੁਸ ਵਿਚ ਇੱਕ ਕਲੀਸੀਆ ਦੀ ਨੀਂਹ ਰੱਖੀ ਸੀ; ਅਰਥਾਤ, ਉਸ ਨੇ ਉਨ੍ਹਾਂ ਨੂੰ ਮਸੀਹੀ ਧਰਮ ਦੇ ਮੂਲ ਸਿਧਾਂਤ ਸਿਖਾਏ ਸਨ। ਉਨ੍ਹਾਂ ਨੇ ਉਸ ਮਸੀਹਾ ਦੇ ਵਾਇਦੇ ਦੇ ਵਿਸ਼ੇ ਵਿਚ ਸਿੱਖਿਆ ਸੀ ਜਿਸ ਨੇ ਦੁੱਖ ਸਹਿਆ ਸੀ, ਅਤੇ ਉਨ੍ਹਾਂ ਨੂੰ ਇਹ ਸਿਖਾਇਆ ਗਿਆ ਸੀ ਕਿ ਯਿਸੂ ਮਸੀਹ ਉਸ ਵਾਇਦੇ ਦੀ ਪੂਰਤੀ ਹੈ (ਲੂਕਾ 24:46, 47; ਰਸੂਲਾਂ ਦੇ ਕਰਤੱਬ 17:3)। ਇਨ੍ਹਾਂ ਬੁਨਿਆਦੀ ਸਿਧਾਂਤਾਂ ਤੋਂ ਪਰੇ, ਪੌਲੁਸ ਨੇ ਇਸ ਗੱਲ ਤੇ ਜ਼ੋਰ ਦਿੱਤਾ ਸੀ ਕਿ ਮਸੀਹੀਆਂ ਨੂੰ ਵੱਧਣਾ ਚਾਹੀਦਾ ਹੈ। ਉਸ ਨੇ ਬੱਚਿਆਂ ਦੀ ਸਮਾਨਤਾ ਨੂੰ ਵਰਤ ਕੇ ਵਿਸ਼ਵਾਸ ਅਤੇ ਵਿਸ਼ਵਾਸਯੋਗਤਾ ਦੇ ਵਿਚ ਵਧਣ ਦੇ ਵਿਸ਼ੇ ਵਿਚ ਗੱਲ ਕੀਤੀ ਜਿਨ੍ਹਾਂ ਨੂੰ ਠੋਸ ਭੋਜਨ (1 ਕੁਰਿੰਥੀਆਂ 3:2) ਦੇ ਪੋਸ਼ਣ ਦੀ ਲੋੜ ਹੁੰਦੀ ਹੈ, ਮਜ਼ਬੂਤ ਜੜਾਂ ਵਾਲੇ ਪੌਦਿਆਂ ਦੀ ਜਿਨ੍ਹਾਂ ਨੂੰ ਪਾਣੀ ਦੀ ਲੋੜ ਹੁੰਦੀ ਹੈ, ਅਤੇ ਇੱਕ ਇਮਾਰਤ ਦੀ ਜਿਸ ਨੂੰ ਇੱਕ ਮਜ਼ਬੂਤ ਨੀਂਹ ਦੀ ਲੋੜ ਹੁੰਦੀ ਹੈ। ਪੌਲੁਸ ਵਿਸ਼ਵਾਸ ਦੇ ਨਾਲ ਕਹਿ ਸਕਦਾ ਸੀ ਕਿ ਕੁਰਿੰਥੀਆਂ ਦੀ ਕਲੀਸੀਆ ਦੀ ਨੀਂਹ ਬਹੁਤ ਚੰਗੇ ਤਰੀਕੇ ਦੇ ਨਾਲ ਧਰੀ ਗਈ ਸੀ, ਪਰ ਉਸ ਨੂੰ ਇਸ ਗੱਲ ਦਾ ਪੱਕਾ ਨਿਹਚਾ ਨਹੀਂ ਸੀ ਕਿ ਉਸ ਨੀਂਹ ਦੇ ਉੱਤੇ ਉਸਾਰੀ ਦੀ ਪ੍ਰਕਿਰਿਆ ਚੰਗੀ ਚੱਲ ਰਹੀ ਸੀ ਜਾਂ ਨਹੀਂ। ਕੁਰਿੰਥੁਸ ਵਿਚ ਸਿੱਖਿਆ ਅਤੇ ਅਭਿਆਸ ਦੋ ਵੱਖੋ-ਵੱਖਰੀ ਕਿਸਮ ਦੇ ਨਿਰਮਾਣ ਸਮੱਗਰੀ ਕ੍ਰਮ ਦੇ ਅਨੁਸਾਰ ਚੱਲ ਰਿਹਾ ਸੀ। ਜਦਕਿ ਕੁਝ ਸਹੀ ਅਤੇ ਪਰਮੇਸ਼ੁਰ ਦੀ ਮਹਿਮਾ ਦੇ ਲਈ ਸਨ, ਪਰ ਬਾਕੀ ਕਿਸੇ ਲਾਭ ਦੇ ਨਹੀਂ ਸਨ।

ਉਸਾਰੀ ਦੀ ਸਮੱਗਰੀ ਦੇ ਵਿਸ਼ੇ ਵਿਚ ਰਸੂਲ ਦੀ ਸਮਾਨਤਾ ਨੂੰ ਬਹੁਤ ਵਧੀਕ ਖਿੱਚਣਾ ਨਹੀਂ ਚਾਹੀਦਾ ਹੈ। ਇੱਕ ਮਜ਼ਬੂਤ ਇਮਾਰਤ ਬਣਾਉਣ ਦੇ ਲਈ ਸੋਨਾ ਅਤੇ ਚਾਂਦੀ ਇੰਨੇ ਵਿਹਾਰਕ ਨਹੀਂ ਹਨ ਜਿੰਨੇ ਪੱਥਰ ਅਤੇ ਲੱਕੜੀ ਹੁੰਦੀ ਹਨ। ਪੌਲੁਸ ਦੀ ਸਮਾਨਤਾ ਇੱਕ ਇਮਾਰਤ ਦੇ ਬਨਾਵਟੀ ਸ਼ਿੰਗਾਰ ਤੋਂ ਵੱਧ ਕੇ ਇਸ ਦੀ ਸੁੰਦਰਤਾ ਅਤੇ ਮਜ਼ਬੂਤੀ ਦੀ ਅਪੀਲ ਕਰਦੀ ਹੈ-। ਇੱਕ ਰਾਜ ਮਿਸਤਰੀ ਜਦੋਂ ਤਕ ਕਿਸੇ ਇਮਾਰਤ ਦੇ ਢਾਂਚੇ ਦੀ ਮਜ਼ਬੂਤੀ ਤੋਂ ਸੰਤੁਸ਼ਟ ਨਹੀਂ ਹੁੰਦਾ ਹੈ ਉਦੋਂ ਤਕ ਉਸ ਨੂੰ **ਸੋਨੇ, ਚਾਂਦੀ, ਬਹੁਮੁੱਲੇ ਪੱਥਰਾਂ** ਨਾਲ ਨਹੀਂ ਸਜਾਉਂਦਾ ਹੈ। ਪੌਲੁਸ ਨੇ ਸੰਕੇਤ ਦਿੱਤਾ ਕਿ ਜੋ ਮਸੀਹ ਦੀ ਨੀਂਹ ਉੱਤੇ ਉਸਾਰਿਆ ਜਾਂਦਾ ਹੈ ਉਹ ਉਨ੍ਹਾਂ ਕੀਮਤੀ ਵਸਤਾਂ ਦੇ ਯੋਗ ਹੁੰਦਾ ਹੈ ਜੋ ਮਨੁੱਖ ਪੇਸ਼ ਕਰਦੇ ਹਨ। ਮਸੀਹ ਦੀ ਬਜਾਇ ਪੌਲੁਸ ਜਾਂ ਅਪੁੱਲੋਸ ਦੀ ਵਫ਼ਾਦਾਰੀ ਨੂੰ ਉਸਾਰਨਾ ਫੁੱਟ ਪਾਉਣ ਵਾਲੇ ਰਾਹ ਤੇ ਜਾਣਾ ਸੀ, **ਘਾਹ ਅਤੇ ਭੋ** ਨਾਲ ਉਸਾਰੀ ਕਰਨਾ ਕਾਇਨਾਤ ਦੇ ਪ੍ਰਭੂ ਦੇ ਲਈ ਅਯੋਗ ਹੈ। ਮਸੀਹ ਨੇ ਆਪਣੀ ਆਤਮਿਕ ਸਮੱਗਰੀ ਦੇ ਨਾਲ ਜਿਸ ਕਲੀਸੀਆ ਦੀ ਉਸਾਰੀ ਕੀਤੀ ਸੀ ਉਹ ਉਸ ਸਾਰੇ ਦਾ ਸਾਹਮਣਾ ਕਰ ਸਕਦਾ ਹੈ ਜੋ ਸੰਸਾਰ ਉਸ ਦੇ ਵਿਰੋਧ ਵਿਚ ਲਿਆਉਂਦਾ ਹੈ। ਜਦੋਂ ਲੋਕ ਆਪਣੀ ਮਨ ਮਰਜ਼ੀ ਦੇ ਨਾਲ ਕਲੀਸੀਆ ਵਿਚ ਸੋਧ ਕਰਦੇ ਹਨ, ਤਾਂ ਪੌਲੁਸ ਨੇ ਇਸ ਗੱਲ ਨੂੰ ਘੋਸ਼ਿਤ ਕੀਤਾ, ਕਿ ਉਸ ਦਾ ਕੰਮ ਡੇਗ ਦਿੱਤਾ ਜਾਵੇਗਾ ਜਾਂ ਸੜ ਜਾਵੇਗਾ। ਰਸੂਲ ਦਾ ਵਿਸ਼ਾ ਪੂਰੀ ਕਲੀਸੀਆ ਸੀ, ਨਾ ਕਿ ਕਲੀਸਿਯਾ ਵਿਚਲੇ ਵਿਅਕਤੀਗਤ ਮੈਂਬਰ। ਵਿਅਕਤੀਗਤ ਧਾਰਮਿਕਤਾ ਦੇ ਨਾਲ ਮਸੀਹੀ ਬਚਾਏ ਨਹੀਂ ਜਾਂਦੇ ਹਨ। ਸਾਰਿਆਂ ਨੂੰ ਪਰਮੇਸ਼ੁਰ ਦੀ ਕਿਰਪਾ ਦੀ ਲੋੜ ਹੈ। ਸਾਰਿਆਂ ਦੇ ਕੋਲ "ਲੱਕੜੀ," "ਭੋ," ਜਾਂ "ਤੂੜੀ" ਦੀ ਇੱਕ ਮਾਤਰਾ ਹੁੰਦੀ ਹੈ।

ਜਦੋਂ ਪੌਲੁਸ ਨੇ ਆਪਣੀ ਨੀਂਹ ਦੀ ਉਸਾਰੀ ਦੀ ਦੇਖਭਾਲ ਕੀਤੀ ਸੀ, ਤਾਂ ਬੇਸ਼ੱਕ, ਉਹ ਪਰਮੇਸ਼ੁਰ ਦੇ ਲੋਕਾਂ ਦੇ ਸਮਾਜ, ਕਲੀਸੀਆ, ਦੇ ਬਾਰੇ ਗੱਲਾਂ ਕਰ ਰਿਹਾ ਸੀ। ਜੋ ਉਸ ਨੇ

ਕੁਰਿੰਥੁਸ ਦੀ ਕਲੀਸੀਆ ਦੇ ਵਿਸ਼ੇ ਵਿਚ ਕਿਹਾ ਸੀ ਉਹ ਸਮਾਨ ਪ੍ਰਭਾਵ ਦੇ ਨਾਲ ਹਰ ਜਗਾ ਦੀਆਂ ਮੰਡਲੀਆਂ, ਜਾਂ ਵਿਸ਼ਵਵਿਆਪੀ ਕਲੀਸੀਆ ਦੇ ਵਿਸ਼ੇ ਵਿਚ ਕਿਹਾ ਜਾ ਸਕਦਾ ਹੈ। ਜਿਵੇਂ ਵਿਅਕਤੀਗਤ ਮਸੀਹੀਆਂ ਦੇ ਲਈ ਇਹ ਸ਼ਲਾਘਾਯੋਗ ਹੋ ਸਕਦਾ ਹੈ ਕਿ ਉਹ ਮਸੀਹ ਵਿਚ ਮਨ ਪਰਿਵਰਤਨ ਤੋਂ ਬਾਅਦ ਧਿਆਨ ਦੇ ਨਾਲ ਉਸਾਰੀ ਕਰਨ, ਇਸ ਪ੍ਰਸੰਗ ਵਿਚ ਪੌਲੁਸ ਵਿਅਕਤੀਗਤ ਤੌਰ ਤੇ ਲੋਕਾਂ ਦੇ ਦੁਆਰਾ ਵਿਸ਼ਵਾਸ ਵਿਚ ਉਸਰਣ ਦੇ ਵਿਸ਼ੇ ਵਿਚ ਗੱਲ ਨਹੀਂ ਕਰ ਰਿਹਾ ਹੈ।

**ਆਇਤ 13.** 3:12 ਵਿਚ, ਪੌਲੁਸ ਨੇ ਇਹ ਕਹਿੰਦੇ ਹੋਏ ਇੱਕ ਸ਼ਰਤੀਆ ਵਾਕ ਸ਼ੁਰੂ ਕੀਤਾ, "ਪਰ ਜੇ ਕੋਈ ਇਹ ਨੀਂਹ . . ." ਕੁਝ ਸੰਭਾਵਨਾਵਾਂ ਨੂੰ ਸੂਚੀਬੱਧ ਕਰਨ ਤੋਂ ਬਾਅਦ, ਹੁਣ ਉਹ ਵਿਚਾਰ ਨੂੰ ਪੂਰਾ ਕਰਨ ਵਾਲਾ ਸੀ। ਸ਼ਾਇਦ ਇਹ ਗੱਲ ਉਸੇ ਵੇਲੇ ਸਪੱਸ਼ਟ ਨਾ ਹੋ ਸਕੇ ਕਿ ਕਿਸੇ ਉਸਾਰੀ ਕਰਨ ਵਾਲੇ ਨੇ ਕਿਸ ਕਿਸਮ ਦਾ ਕੰਮ ਕੀਤਾ ਹੈ; ਪਰ, ਸਮਾਂ ਆਉਣ ਤੇ, **ਹਰੇਕ ਦਾ ਕੰਮ ਪਰਗਟ ਹੋਵੇਗਾ।** ਯੂਨਾਨੀ ਭਾਸ਼ਾ ਵਿਚ ਇਸ ਪ੍ਰਕਾਰ ਦੇ ਸ਼ਰਤੀਆ ਵਾਕ ਵਿਚ, ਪ੍ਰੋਟੋਸਿਸ (ਸ਼ਰਤ ਨੂੰ ਦਰਸਾਉਣ ਵਾਲੇ ਖੰਡ) ("ਤਾਂ" ਖੰਡ) ਨੂੰ ਸੱਚ ਮੰਨਿਆ ਜਾਂਦਾ ਹੈ। ਅਸਲ ਵਿਚ, ਕੁਰਿੰਥੁਸ ਦੇ ਸਿੱਖਿਅਕਾਂ ਨੇ, ਪੌਲੁਸ ਦੀ ਰੱਖੀ ਨੀਂਹ ਦੇ ਉੱਤੇ ਕਈ ਕਿਸਮ ਦੇ ਨਾਲ ਉਸਾਰੀ ਕੀਤੀ ਸੀ। ਹਕੀਕਤ ਇਹ ਸੀ ਕਿ, ਸਮਾਂ ਆਉਣ ਤੇ, ਹਰ ਕਿਸੇ ਦਾ ਉਸਾਰੀ ਦਾ ਤਰੀਕਾ **ਅੱਗ ਨਾਲ ਪਰਕਾਸ਼ ਹੁੰਦਾ ਹੈ।** ਉਹ ਪਰਮੇਸ਼ੁਰ ਦੇ ਚੁਣੇ ਹੋਏ **ਦਿਨ**, **ਹਰੇਕ ਦਾ ਕੰਮ ਪਰਖ ਦੇਵੇਗੀ।**

ਪੌਲੁਸ ਦੀ ਚੇਤਾਵਨੀ ਦੀ ਵਿਆਪਕ ਵਿਆਖਿਆ ਸਪੱਸ਼ਟ ਹੈ, ਪਰ ਜਦੋਂ ਕੋਈ ਉਸ ਦੇ ਸ਼ਬਦਾਂ ਨੂੰ ਧਿਆਨ ਨਾਲ ਪਰਖਦਾ ਹੈ ਤਾਂ ਉਸ ਦਾ ਤਰਕ ਵਧੀਕ ਪ੍ਰਸੰਗਿਕਤਾ ਤੇ ਲੈ ਜਾਂਦਾ ਹੈ। ਉਦਾਹਰਣ ਦੇ ਤੌਰ ਤੇ, ਵਾਕ ਵਿਚ "ਉਹ ਅੱਗ ਨਾਲ ਪਰਕਾਸ਼ ਹੁੰਦਾ ਹੈ," ਵਿਸ਼ੇਸ਼ਣ ਤੋਂ ਪਹਿਲਾਂ "ਉਹ" ਨਿਰਧਾਰਤ ਕਰਨਾ ਮੁਸ਼ਕਲ ਹੈ। ਅੱਗ ਦੇ ਨਾਲ ਕੀ ਪਰਕਾਸ਼ ਹੋਵੇਗਾ? ਇਸ ਦਾ ਅਰਥ ਇਹ ਹੋ ਸਕਦਾ ਹੈ ਕਿ ਹਰੇਕ ਵਿਅਕਤੀ ਦਾ ਕੰਮ ਅੱਗ ਦੇ ਨਾਲ ਪਰਗਟ ਹੋ ਜਾਵੇਗਾ, ਜਾਂ ਪੌਲੁਸ ਦਾ ਇਹ ਅਰਥ ਹੋ ਸਕਦਾ ਹੈ ਕਿ ਉਹ ਦਿਨ ਅੱਗ ਦੇ ਨਾਲ ਪਰਗਟ ਹੋਵੇਗਾ। ਦੋਵਾਂ ਵਿਚੋਂ ਕੋਈ ਵੀ ਪ੍ਰਸੰਗ ਦੇ ਨਾਲ ਚੰਗੀ ਤਰ੍ਹਾਂ ਦੇ ਨਾਲ ਠੀਕ ਬੈਠਦਾ ਹੈ; ਪਰ, ਕਿਉਂਕਿ ਆਮ ਤੌਰ ਤੇ ਅੱਗ ਸਜ਼ਾ ਦੇ ਦਿਨ ਦੇ ਨਾਲ ਜੁੜੀ ਹੋਈ ਹੈ (ਵੇਖੋ, ਉਦਾਹਰਣ ਦੇ ਲਈ, 2 ਥੱਸਲੁਨੀਕੀਆਂ 1:7; ਇਬਰਾਨੀਆਂ 10:27), ਸ਼ਾਇਦ ਰਸੂਲ ਕਹਿ ਰਿਹਾ ਸੀ ਕਿ ਪਰਮੇਸ਼ੁਰ ਦਾ ਵਿਸ਼ਵਵਿਆਪੀ ਨਿਆਂ ਦਾ ਦਿਨ ਅੱਗ ਦੇ ਨਾਲ ਆਵੇਗਾ। ਅੱਗ ਅਸ਼ੁੱਧਤਾ ਨੂੰ ਭਸਮ ਕਰਦੀ ਹੈ ਅਤੇ ਅਸਲੀ ਸ਼ਾਨਦਾਰ ਅਤੇ ਮਜ਼ਬੂਤ ਨੂੰ ਛੱਡ ਦਿੰਦੀ ਹੈ।

"ਉਹ ਦਿਨ" ਜਦੋਂ "ਹਰੇਕ ਦਾ ਕੰਮ ਪਰਗਟ ਹੋਵੇਗਾ" ਉਹ ਦਿਨ ਹੁੰਦਾ ਹੈ ਜਦੋਂ ਪ੍ਰਭੂ ਵਾਪਸ ਆਉਂਦਾ ਹੈ, ਪਰ ਇੱਥੇ ਇੱਕ ਹੋਰ ਸੰਭਾਵਨਾ ਹੈ। ਸ਼ਾਇਦ ਰਸੂਲ ਉਨ੍ਹਾਂ ਸਮਿਆਂ ਦੀ ਗੱਲ ਕਰ ਰਿਹਾ ਹੈ ਜਦੋਂ ਕਲੀਸੀਆ ਅੱਤਿਆਚਾਰਾਂ ਦਾ ਸਾਹਮਣਾ ਕਰਦੀ ਹੈ। "ਅੱਗ" ਵੀ ਇਸ ਜੀਵਨ ਦੀ ਪਰਖ ਦੇ ਲਈ ਇੱਕ ਰੂਪਕ ਹੈ (ਵੇਖੋ 1 ਪਤਰਸ 1:7)। ਪਰੀਖਿਆ ਅਧਾਰਮਿਕ ਲੋਕਾਂ ਦੇ ਰਾਹੀਂ ਕੀਤੇ ਜਾਣ ਵਾਲੇ ਅੱਤਿਆਚਾਰਾਂ, ਝੂਠੇ ਸਿੱਖਿਅਕਾਂ ਦੁਆਰਾ ਪੇਸ਼ ਕੀਤੀਆਂ ਚੁਨੌਤੀਆਂ, ਜਾਂ ਮਸੀਹੀਆਂ ਵਿਚਕਾਰ ਹੋਣ ਵਾਲੇ ਅੰਦਰੂਨੀ ਝਗੜਿਆਂ ਤੋਂ ਆ ਸਕਦੀ ਹੈ। ਮਸੀਹ ਦੀ ਨੀਂਹ ਦੇ ਉੱਤੇ ਕੋਈ ਕਿਸ ਕਿਸਮ ਦੀ ਇਮਾਰਤ ਦੀ ਉਸਾਰੀ ਕਰਦਾ ਹੈ ਉਹ ਇੱਕ ਵਿਸ਼ਵਾਸੀ ਦੇ ਲਈ ਇਸ ਜੀਵਨ ਵਿਚ ਪਰੀਖਿਆਵਾਂ ਨੂੰ ਸਹਿਣ ਕਰਨ ਦੀ ਯੋਗਤਾ ਤੇ ਬਹੁਤ ਅਸਰ ਪਾਉਂਦਾ ਹੈ। ਪੌਲੁਸ ਸ਼ਾਇਦ ਉਹੀ ਬਿੰਦੂ ਬਣਾ ਰਿਹਾ ਸੀ ਜੋ

ਬੱਚਿਆਂ ਦੀ ਤਿੰਨ ਸੂਰਾਂ ਵਾਲੀ ਕਹਾਣੀ ਦਾ ਬਿੰਦੂ ਸੀ ਜਿਨ੍ਹਾਂ ਨੇ ਘਾਹ, ਲੱਕੜੀ, ਅਤੇ ਇੱਟ ਦੇ ਨਾਲ ਆਪਣੇ ਘਰ ਬਣਾਏ ਸਨ।[6] ਕਹਾਣੀ ਵਿਚ ਉਹ ਦਿਨ ਆ ਗਿਆ ਜਦੋਂ ਇੱਕ ਬਘਿਆੜ ਉਨ੍ਹਾਂ ਸਾਰੇ ਸੂਰਾਂ ਦੇ ਦਰਵਾਜ਼ੇ ਤੇ ਆਇਆ; ਪਰਖ ਦੇ ਇਸ ਦਿਨ ਨੇ ਉਸਾਰੀ ਕਰਨ ਲਈ ਇਸਤੇਮਾਲ ਕੀਤੀ ਗਈ ਸਮੱਗਰੀ ਦੀ ਕਿਸਮ ਦੇ ਮੁੱਲ ਨੂੰ ਪਰਗਟ ਕਰ ਦਿੱਤਾ। ਇਸੇ ਤਰ੍ਹਾਂ, ਵਿਅਕਤੀਗਤ ਮਸੀਹੀਆਂ ਦੇ ਲਈ, ਉਨ੍ਹਾਂ ਦੇ ਪਰਿਵਾਰਾਂ ਦੇ ਲਈ, ਅਤੇ ਉਨ੍ਹਾਂ ਮੰਡਲੀਆਂ ਦੇ ਲਈ ਜਿਨ੍ਹਾਂ ਦਾ ਉਹ ਹਿੱਸਾ ਹੁੰਦੇ ਹਨ ਪਰੀਖਿਆ ਦੇ ਦਿਨ ਆਉਂਦੇ ਹਨ। ਵਿਅਕਤੀ, ਘਰ, ਅਤੇ ਕਲੀਸੀਆਵਾਂ ਪਰੀਖਿਆ ਦੇ ਦਿਨਾਂ ਵਿਚ ਉਸੇ ਹੱਦ ਤਕ ਮਜ਼ਬੂਤ ਹੋਣਗੇ ਜਿੰਨਾ ਉਨ੍ਹਾਂ ਨੇ ਆਪਣੇ ਵਿਸ਼ਵਾਸ ਅਤੇ ਵਿਹਾਰ ਨੂੰ ਪਵਿੱਤਰ ਆਤਮਾ ਦੇ ਪਰਕਾਸ਼ ਦੇ ਅਨੁਸਾਰ ਉਸਾਰਿਆ ਹੋਵੇਗਾ। ਜੋ ਲੋਕ ਪਰਮੇਸ਼ੁਰ ਦੇ ਪਰਕਾਸ਼ ਨੂੰ ਜਾਣਦੇ ਅਤੇ ਉਸ ਦਾ ਪਾਲਣ ਕਰਦੇ ਹਨ ਉਹ ਆਪਣੇ ਆਪ ਨੂੰ ਉਸ ਸਭ ਦੇ ਲਈ ਤਿਆਰ ਰੱਖਦੇ ਹਨ ਜੋ ਪਰਖਣ ਵਾਲਾ ਉਨ੍ਹਾਂ ਦੇ ਉੱਤੇ ਸੁੱਟ ਸਕਦਾ ਹੈ।

**ਆਇਤ 14.** ਇਸ ਤੋਂ ਪਹਿਲਾਂ, ਪੌਲੁਸ ਨੇ ਉਨ੍ਹਾਂ ਦੋਵਾਂ ਦੇ ਲਈ "ਇਨਾਮ," ਜਾਂ "ਮਜ਼ਦੂਰੀ" ਦੇ ਵਿਸ਼ੇ ਵਿਚ ਲਿਖਿਆ ਸੀ ਜਿਨ੍ਹਾਂ ਨੇ ਇੰਜੀਲ ਦਾ ਬੀਜ ਬੀਜਿਆ ਸੀ ਅਤੇ ਜਿਨ੍ਹਾਂ ਨੇ ਪਾਣੀ ਦਿੱਤਾ ਅਤੇ ਬੀਜ ਦਾ ਪੋਸ਼ਣ ਕੀਤਾ ਸੀ (3:8)। "ਇਨਾਮ" ਸ਼ਬਦ ਦੀ ਵਰਤੋਂ ਇੱਕ ਗਲਤ ਬਿਆਨ ਨਹੀਂ ਹੈ। ਜਦੋਂ ਅੱਗ ਹਰ ਵਿਅਕਤੀ ਦੇ ਕੰਮ ਦੀ ਵਿਸ਼ੇਸ਼ਤਾ ਦੀ ਪਰਖ ਕਰਦੀ ਹੈ, ਤਾਂ ਉਹ ਮਜ਼ਦੂਰ ਜਿਨ੍ਹਾਂ ਨੇ ਮਜ਼ਬੂਤੀ ਦੇ ਨਾਲ ਉਸਾਰੀ ਕੀਤੀ ਹੈ **ਉਹ ਨੂੰ ਬਦਲਾ ਮਿਲੇਗਾ।** ਪੌਲੁਸ ਦੇ ਵਿਚਾਰ ਵਿਚ ਇੱਕ ਚਿੰਤਾ ਦਾ ਇੱਕ ਸੰਕੇਤ ਮਿਲਦਾ ਹੈ: ਮੁਕਤੀ ਪਰਮੇਸ਼ੁਰ ਦੀ ਕਿਰਪਾ ਦਾ ਵਿਸ਼ਾ ਹੈ (ਅਫ਼ਸੀਆਂ 2:8), ਪਰ ਇਹ ਵੀ ਸੱਚ ਹੈ ਕਿ ਪਰਮੇਸ਼ੁਰ ਨੇ ਪਾਪੀਆਂ ਤੇ ਆਪਣੀ ਦਯਾ ਅਤੇ ਪ੍ਰੇਮ ਪਰਗਟ ਕੀਤਾ ਹੈ ਜਿਨ੍ਹਾਂ ਦਾ ਪ੍ਰੇਮ ਅਤੇ ਵਿਸ਼ਵਾਸ ਇੰਜੀਲ ਦੇ ਪ੍ਰਤਿ ਉਨ੍ਹਾਂ ਦੀ ਆਗਿਆਕਾਰੀ ਹੈ।

ਇੱਥੋਂ ਤਕ ਕਿ ਲੱਕੜ, ਘਾਹ, ਜਾਂ ਤੂੜੀ ਵੀ ਛੁਪੇ ਹੋਏ ਸਕਦੇ ਹਨ ਤਾਂ ਕਿ ਇਹ ਇੱਕ ਵਧੀਆ ਉਸਾਰੇ ਹੋਇਆ ਭਵਨ ਬਣਾਉਣ ਦੇ ਸਮੇਂ ਪਰਗਟ ਹੋ ਸਕਣ। ਜਦੋਂ ਕਲੀਸੀਆ ਉਸਾਰੀ ਦੀ ਸਮੱਗਰੀ ਦੇ ਵਿਸ਼ੇ ਵਿਚ ਚੇਤਾਵਨੀ ਨੂੰ ਸੁਣਦੀ ਹੈ, ਤਾਂ ਇਹ ਨਿਰੰਤਰ ਸਵੈ-ਪਰੀਖਿਆ ਦੇ ਵਿਚ ਸ਼ਾਮਲ ਹੋਵੇਗਾ। ਸਵੈ-ਪਰੀਖਿਆ ਦੇ ਲਈ ਸਥਾਨ ਖੋਜਣਾ ਮੁਸ਼ਕਲ ਨਹੀਂ ਹੈ। ਕੀ ਕਲੀਸੀਆ ਦਾ ਬੰਦਗੀ ਲਈ ਇੱਕਠੇ ਹੋਣਾ ਮਨੋਰੰਜਨ ਦੇ ਚਾਹਵਾਨਾਂ ਲਈ ਮਦਦਗਾਰ ਹੁੰਦਾ ਹੈ? ਕੀ ਪਰਮੇਸ਼ੁਰ ਦੇ ਪ੍ਰਤਿ ਸਾਡੀਆਂ ਭਾਵਨਾਵਾਂ ਨੂੰ ਸੱਚਾਈ ਅਤੇ ਮਸੀਹੀ ਧਰਮ ਦੇ ਵਿਸ਼ੇ ਵਿਚ ਜਾਣਕਾਰੀ ਦੇ ਵਿਸ਼ੇ ਲਈ ਸਾਡੀ ਇੱਛਾ ਦੇ ਪ੍ਰਤਿ ਸਾਡੀ ਚਿੰਤਾ ਤੋਂ ਦੂਰ ਹੈ? ਰਸੂਲਾਂ ਦੇ ਨਮੂਨੇ ਤੇ ਮਸੀਹੀਆਂ ਨੂੰ ਧਿਆਨ ਨਾਲ ਉਸਾਰੀ ਕਰਨ ਦੀ ਜ਼ਰੂਰਤ ਪੌਲੁਸ ਦੇ ਦੁਆਰਾ ਕੁਰਿੰਥੀਆਂ ਦੀ ਕਲੀਸੀਆ ਨੂੰ ਲਿਖੀਆਂ ਪੱਤ੍ਰੀਆਂ ਨਾਲ ਹੀ ਸਮਾਪਤ ਨਹੀਂ ਹੋਈ ਸੀ।

**ਆਇਤ 15.** ਜਦੋਂ ਪਰਖਣ ਵਾਲੀ ਅੱਗ ਆਉਂਦੀ ਹੈ ਅਤੇ ਹਰੇਕ ਮਨੁੱਖ ਦੇ ਕੰਮਾਂ ਦੀ ਵਿਸ਼ੇਸ਼ਤਾ ਸਪੱਸ਼ਟ ਹੋ ਜਾਂਦੀ ਹੈ, ਤਾਂ ਉਹ ਸਿੱਖਿਅਕ ਜਿਨ੍ਹਾਂ ਨੇ ਲੱਕੜ, ਘਾਹ-ਫੂਸ, ਅਤੇ ਤੂੜੀ ਦੇ ਨਾਲ ਉਸਾਰੀ ਕੀਤੀ ਹੈ ਤਾਂ ਉਹ ਵੇਖਣਗੇ ਕਿ ਉਨ੍ਹਾਂ ਦਾ **ਕੰਮ ਸੜ** ਜਾਵੇਗਾ। ਬਹੁਤ ਸਾਰੇ ਲੋਕ ਜੋ ਪਰਮੇਸ਼ੁਰ ਦੀ ਮਹਿਮਾ ਦੇ ਲਈ ਜੀਉਂਦੇ ਰਹਿ ਸਕਦੇ ਸਨ ਉਨ੍ਹਾਂ ਨੂੰ ਅਹਿਸਾਸ ਹੋਵੇਗਾ ਕਿ ਉਨ੍ਹਾਂ ਨੇ ਅਜਿਹਾ ਕਰਨ ਦੀ ਬਜਾਇ ਆਪਣੇ ਆਪ ਨੂੰ ਸੰਸਾਰ ਦੇ ਨਾਲ ਮਿਲਣ ਦਿੱਤਾ ਸੀ। ਉਨ੍ਹਾਂ ਦੇ ਸਿਖਾਉਣ ਵਾਲਿਆਂ ਨੂੰ ਸਵੈ-ਦੋਸ਼ ਲਾਉਣ **ਵਿਚ ਹਾਨੀ ਹੋ ਜਾਵੇਗੀ;**

ਉਨ੍ਹਾਂ ਨੂੰ ਇਹ ਪਤਾ ਲੱਗੇਗਾ ਕਿ ਉਹ ਗੁਆਚਿਆਂ ਹੋਇਆਂ ਨੂੰ ਅਨੰਤ ਜੀਵਨ ਵਿਚ ਲਿਆਉਣ ਦੇ ਵਿਚ ਵਿਸ਼ਵਾਸਯੋਗ ਸਹਿਭਾਗੀ ਬਣਨ ਵਿਚ ਨਾਕਾਮ ਰਹੇ ਹਨ।

ਪਾਠਕ ਨੂੰ ਇਹ ਯਾਦ ਰੱਖਣਾ ਚਾਹੀਦਾ ਹੈ ਕਿ ਪੌਲੁਸ ਇੱਕ ਅਪੂਰਣ, ਸੰਸਾਰਿਕ ਉਦਾਹਰਣ ਨੂੰ ਵਰਤ ਰਿਹਾ ਸੀ ਤਾਂ ਕਿ ਜੋ ਲੋਕ ਯਿਸੂ ਨੂੰ ਪ੍ਰਭੂ ਦੇ ਰੂਪ ਵਿਚ ਗ੍ਰਹਿਣ ਕਰਦੇ ਹਨ ਉਨ੍ਹਾਂ ਲੋਕਾਂ ਨੂੰ ਸਿਖਾਉਣ ਲਈ ਜ਼ਿੰਮੇਵਾਰੀਆਂ ਦੇ ਵਿਸ਼ੇ ਵਿਚ ਦਸ ਸਕੇ। ਜੇਮਸ ਡੀ. ਜੀ. ਡਨ ਨੇ ਪੌਲੁਸ ਦੀ ਰੂਪਕ ਭਾਸ਼ਾ ਦੇ ਪੂਰੇ ਵੇਰਵੇ ਤੋਂ ਘੱਟ ਲਿਖਿਆ ਜਦੋਂ ਉਸ ਨੇ ਲਿਖਿਆ, "ਅਤੇ ਉਨ੍ਹਾਂ ਦੇ ਜੀਵਨ ਦੀ ਵਿਸ਼ੇਸ਼ਤਾ, ਭਾਵੇਂ ਉਹ ਵਿਸ਼ਵਾਸੀ ਸਨ, ਸ਼ਾਇਦ ਇਸ ਪ੍ਰਕਾਰ ਸੀ ਕਿ ਉਹ ਸਿਰਫ ਇੱਕ ਗੈਰ ਰਸਮੀ ਤਰੀਕੇ ਦੇ ਨਾਲ ਬਚਾਏ ਜਾਂਦੇ ਹਨ।"[7] ਮੁਕਤੀ ਨੂੰ "ਇੱਕ ਗੈਰ ਰਸਮੀ ਤਰੀਕੇ ਦੇ ਨਾਲ" ਸਿਖਾਉਣ ਦੀ ਬਜਾਇ, ਪੌਲੁਸ ਨੇ ਕਿਹਾ ਕਿ ਕਿਰਪਾ ਨੇ ਮਨੁੱਖ ਦੀਆਂ ਗਲਤੀਆਂ ਦੇ ਲਈ ਭੱਤਾ ਪ੍ਰਾਪਤ ਕੀਤਾ। ਸੱਚੀ ਭਲਿਆਈ ਅਤੇ ਗਹਿਰੀ ਸ਼ਰਧਾ ਵਾਲੇ ਲੋਕ ਕਈ ਵਾਰ ਗਲਤ ਚੋਣਾਂ ਕਰ ਲੈਂਦੇ ਹਨ। ਚੰਗੇ ਇਰਾਦਿਆਂ ਦੇ ਬਾਵਜੂਦ, ਕੋਈ ਮਨੁੱਖ ਪਰਮੇਸ਼ੁਰ ਦੇ ਲੋਕਾਂ ਨੂੰ ਨੁਕਸਾਨ ਪਹੁੰਚਾ ਸਕਦਾ ਹੈ। ਪਰਮੇਸ਼ੁਰ, ਜੋ ਮਨੁੱਖਾਂ ਦੇ ਹਿਰਦਿਆਂ ਤੋਂ ਜਾਣੂ ਹੈ, ਉਸ ਸਮੇਂ ਵੀ ਆਪਣੇ ਕੰਮ ਕਰਨ ਵਾਲਿਆਂ ਨੂੰ ਬਚਾਉਂਦਾ ਹੈ ਜਦੋਂ ਉਨ੍ਹਾਂ ਨੇ ਬਿਨਾਂ ਸੋਚੇ ਸਮਝੇ ਕੰਮ ਕੀਤਾ ਹੋਵੇ।

ਰਹੱਸਮਈ ਵਾਕ **ਪਰ ਸੜਦਿਆਂ ਸੜਦਿਆਂ** ਇਸ ਗੱਲ ਤੋਂ ਇਨਕਾਰ ਨਹੀਂ ਕਰਦਾ ਕਿ, ਪਰਮੇਸ਼ੁਰ ਦੀ ਦਯਾ ਦੇ ਨਾਲ, ਕੁਝ ਲੋਕ ਬਚਾਏ ਜਾਣਗੇ ਭਾਵੇਂ ਪਰਮੇਸ਼ੁਰ ਦੀ ਕਲੀਸੀਆ ਦੀ ਉਸਾਰੀ ਕਰਨ ਦੇ ਲਈ ਉਨ੍ਹਾਂ ਦਾ ਯੋਗਦਾਨ ਬਹੁਤ ਹੀ ਥੋੜ੍ਹਾ ਜਾਂ ਨਹੀਂ ਵੀ ਸੀ। ਰਸੂਲ ਮਿਹਰਬਾਨੀਆਂ ਹਾਸਲ ਕਰਨ ਦੇ ਲਈ ਕਿਸੇ ਕਾਨੂੰਨੀ ਨਿਯਮ ਤੇ ਨਹੀਂ, ਸਗੋਂ ਕਿਰਪਾ ਤੇ ਜ਼ੋਰ ਦੇ ਰਿਹਾ ਸੀ। ਉਸੇ ਸਮੇਂ, ਉਸ ਨੇ ਉਨ੍ਹਾਂ ਲੋਕਾਂ ਨੂੰ ਯਾਦ ਦਿਵਾਇਆ ਜੋ ਉਸਾਰੀ ਕਰਨਾ ਚਾਹੁੰਦੇ ਸਨ – ਅਰਥਾਤ, ਜੋ ਪਰਮੇਸ਼ੁਰ ਦੇ ਲੋਕਾਂ ਨੂੰ ਸਿੱਖਿਆ ਦਿੰਦੇ ਸਨ- ਕਿ ਉਹ ਸਾਵਧਾਨ ਰਹਿਣ ਤਾਂ ਕਿ ਉਨ੍ਹਾਂ ਨੂੰ ਹਾਨੀ ਨਾ ਝੱਲਣੀ ਪਵੇ। ਉਹ ਇਹ ਨਹੀਂ ਚਾਹੁੰਦਾ ਸੀ ਕਿ ਉਨ੍ਹਾਂ ਦੀਆਂ ਕੋਸ਼ਿਸ਼ਾਂ ਦਾ ਕੋਈ ਫਲ ਨਾ ਮਿਲੇ। ਕੁਝ ਲੋਕਾਂ ਨੇ ਪੌਲੁਸ ਦੇ ਸ਼ਬਦਾਂ ਵਿਚ ਆਉਣ ਵਾਲੇ ਸੰਸਾਰ ਵਿਚ ਇੱਕ ਵਿਚਕਾਰਲੇ ਸਥਾਨ ਦੇ ਸਬੂਤ ਨੂੰ ਵੇਖਿਆ ਹੈ, ਉਹ ਸਥਾਨ ਉਨ੍ਹਾਂ ਲੋਕਾਂ ਦੇ ਲਈ ਹੈ ਜੋ ਨਾ ਸਵਰਗ ਵਿਚ ਜਾਣਗੇ ਨਾ ਹੀ ਨਰਕ ਵਿਚ। ਪ੍ਰਾਸ਼ਚਿਤ ਅਸਥਾਨ ਦਾ ਵਿਚਾਰ ਰਸੂਲਾਂ ਦੇ ਯੁੱਗ ਤੋਂ ਬਾਅਦ ਕੁਝ ਸਦੀਆਂ ਦੇ ਅੰਦਰ ਹੀ ਵਿਕਸਿਤ ਹੋਣਾ ਸ਼ੁਰੂ ਹੋ ਗਿਆ। ਪੌਲੁਸ ਦੇ ਸ਼ਬਦ "ਉਹ ਆਪ ਤਾਂ ਬਚ ਜਾਵੇਗਾ ਪਰ ਸੜਦਿਆਂ ਸੜਦਿਆਂ" ਕੁਝ ਲੋਕਾਂ ਦੇ ਲਈ ਪ੍ਰਾਸ਼ਚਿਤ ਅਸਥਾਨ ਦਾ ਸੁਝਾਅ ਦਿੰਦਾ ਹੈ, ਪਰ ਵਾਕ "ਪਰ" ਰਸੂਲ ਦੇ ਬਿਆਨ ਦੇ ਲਾਖਣਿਕ ਸੁਭਾਅ ਨੂੰ ਦਰਸਾਉਂਦਾ ਹੈ। ਇਸ ਦਾ ਅਰਥ ਅਸਲੀ ਅੱਗ ਨਹੀਂ ਹੈ।

### "ਤੁਸੀਂ ਪਰਮੇਸ਼ੁਰ ਦੀ ਹੈਕਲ ਹੋ" (3:16, 17)

**16ਕੀ ਤੁਸੀਂ ਇਹ ਨਹੀਂ ਜਾਣਦੇ ਜੋ ਤੁਸੀਂ ਪਰਮੇਸ਼ੁਰ ਦੀ ਹੈਕਲ ਹੋ ਅਤੇ ਪਰਮੇਸ਼ੁਰ ਦਾ ਆਤਮਾ ਤੁਹਾਡੇ ਵਿੱਚ ਵੱਸਦਾ ਹੈ? 17ਜੇ ਕੋਈ ਪਰਮੇਸ਼ੁਰ ਦੀ ਹੈਕਲ ਦਾ ਨਾਸ ਕਰੇ ਤਾਂ ਪਰਮੇਸ਼ੁਰ ਉਹ ਦਾ ਨਾਸ ਕਰੇਗਾ ਕਿਉਂ ਜੋ ਪਰਮੇਸ਼ੁਰ ਦੀ ਹੈਕਲ ਪਵਿੱਤਰ ਹੈ ਅਤੇ ਇਹੋ ਤੁਸੀਂ ਹੋ।**

**ਆਇਤ 16. ਪਰਮੇਸ਼ੁਰ ਦੀ ਹੈਕਲ** ਜਿਸ ਵਿਚ **ਪਰਮੇਸ਼ੁਰ ਦਾ ਆਤਮਾ** ਵੱਸਦਾ ਹੈ ਉਹ ਘੱਟੋ ਘੱਟ ਇਸ ਆਇਤ ਵਿਚ, ਇੱਕ ਵਿਅਕਤੀਗਤ ਵਿਸ਼ਵਾਸੀ ਨਹੀਂ ਹੈ। **"ਪਰਮੇਸ਼ੁਰ ਦੀ ਹੈਕਲ"** ਕਲੀਸੀਆ ਹੈ, ਵਿਸ਼ਵਾਸੀਆਂ ਦਾ ਸਮਾਜ। ਵਰਤਮਾਨ ਸਮਾਨਤਾ ਵਿਚ, ਕਲੀਸੀਆ ਦੇ ਮੈਂਬਰ ਉਹ ਇਮਾਰਤ ਬਣਾਉਂਦੇ ਹਨ ਜਿਸ ਵਿਚ ਪਵਿੱਤਰ ਆਤਮਾ ਵਾਸ ਕਰਦਾ ਹੈ। ਪੌਲੁਸ ਨੇ ਕਿਹਾ, ਪਵਿੱਤਰ ਆਤਮਾ, **ਤੁਹਾਡੇ ਵਿੱਚ ਵੱਸਦਾ ਹੈ,** ਬਹੁਵਚਨ (ἐν ὑμῖν, *ਐਨ ਹਿਊਮਿਨ*)। 16 ਅਤੇ 17 ਦੋਵਾਂ ਆਇਤਾਂ ਵਿਚ ਬਹੁਵਚਨ ਪੜਨਾਂਵ ਪਰਗਟ ਹੁੰਦਾ ਹੈ। ਰਸੂਲ 1:10 ਵਿਚ ਸ਼ੁਰੂ ਹੋਏ ਆਪਣੇ ਤਰਕ ਪਰਮੇਸ਼ੁਰ ਦੇ ਲੋਕਾਂ ਦੀ ਲੋੜੀਂਦੀ ਏਕਤਾ ਨੂੰ ਜਾਰੀ ਰੱਖ ਰਿਹਾ ਸੀ। ਇਹ ਜਾਣਦੇ ਹੋਏ ਕਿ ਪਰਮੇਸ਼ੁਰ ਆਪਣੀ ਹੈਕਲ ਵਿਚ ਵੱਸਦਾ ਹੈ, ਸਾਰੇ ਵਿਸ਼ਵਾਸੀਆਂ ਤੋਂ ਇੱਕ ਹੈਕਲ ਬਣੀ ਹੈ, ਮਸੀਹੀ ਲੋਕ ਆਪਸ ਵਿਚ ਜੁੜੇ ਹੋਏ ਹਨ ਕਿਉਂਕਿ ਉਹ ਪਰਮੇਸ਼ੁਰ ਦੇ ਲਈ ਜੋੜੇ ਗਏ ਹਨ। ਕੇਫਾਸ, ਪੌਲੁਸ, ਅਤੇ ਅਪੁੱਲੋਸ ਦੀ ਵਫ਼ਾਦਾਰੀ ਦਾ ਦਾਅਵਾ ਕਰਕੇ ਵੱਖ-ਵੱਖ ਧੜਿਆਂ ਵਿਚ ਵੰਡੇ ਹੋਣਾ ਪ੍ਰਭੂ ਦਾ ਅਨਾਦਰ ਕਰਨਾ ਹੈ। ਬਾਅਦ ਵਿਚ ਪੱਤ੍ਰੀ ਵਿੱਚ, ਜਦੋਂ ਵਿਸ਼ਾ ਵਿਅਕਤੀਗਤ ਵਿਸ਼ਵਾਸੀਆਂ ਦੇ ਨੈਤਿਕ ਵਿਹਾਰ ਦੇ ਲਈ ਇੱਕ ਚਿੰਤਾ ਵਿਚ ਬਦਲਦਾ ਹੈ (6:19), ਹੈਕਲ ਨੂੰ ਵਿਅਕਤੀਗਤ ਮਸੀਹੀ ਮੰਨਿਆ ਜਾਂਦਾ ਹੈ। ਪਵਿੱਤਰ ਆਤਮਾ ਵਿਅਕਤੀਗਤ ਵਿਸ਼ਵਾਸੀਆਂ ਦੇ ਵਿਚ ਵਾਸ ਕਰਦਾ ਹੈ, ਪਰ ਇੱਥੇ ਇਹ ਬਿੰਦੂ ਨਹੀਂ ਹੈ।

ਰਿਚਰਡ ਬੀ. ਹੇਜ਼ ਨੇ ਪੌਲੁਸ ਦੀ ਸਲਾਹ ਨੂੰ ਚੰਗੀ ਤਰ੍ਹਾਂ ਸਮਝ ਲਿਆ ਸੀ:

> ਜੀ ਉੱਠਣ ਅਤੇ ਪਾਰੋਸੀਆ [ਦੂਸਰੀ ਆਮਦ] ਵਿਚ ਅੰਤਰਾਲ ਵਿਚ ਪਰਮੇਸ਼ੁਰ ਕੀ ਕਰ ਰਿਹਾ ਹੈ? ਪੌਲੁਸ ਦੇ ਅਨੁਸਾਰ, ਪਰਮੇਸ਼ੁਰ ਪਵਿੱਤਰ ਆਤਮਾ ਦੇ ਦੁਆਰਾ ਉਨ੍ਹਾਂ ਸਮੂਹਾਂ ਨੂੰ ਉਸਾਰਣ ਦੇ ਲਈ ਕੰਮ ਕਰ ਰਿਹਾ ਹੈ ਜੋ ਦੁਨੀਆਂ ਦੇ ਮੇਲ-ਮਿਲਾਪ ਅਤੇ ਚੰਗਾਈ ਦਾ ਪ੍ਰਤੀਕ ਬਣਦੇ ਹਨ। ਪਰਮੇਸ਼ੁਰ ਦੇ ਪ੍ਰੇਮ ਦਾ ਫਲ ਉਨ੍ਹਾਂ ਸਮੂਹਾਂ ਦਾ ਗਠਨ ਹੁੰਦਾ ਹੈ ਜੋ ਇਕੱਠੇ ਮਿਲ ਕੇ ਉਸ ਤਰੀਕੇ ਦੇ ਨਾਲ ਤੋਬਾ ਕਰਦੇ, ਬੰਦਗੀ, ਅਤੇ ਪ੍ਰਾਰਥਨਾ ਕਰਦੇ ਹਨ ਜੋ ਪਰਮੇਸ਼ੁਰ ਦੀ ਮਹਿਮਾ ਕਰਦਾ ਹੈ (ਵੇਖੋ, ਉਦਾਹਰਣ, ਰੋਮੀਆਂ 15:7-13)।[8]

**ਆਇਤ 17.** ਰਸੂਲ ਨੇ ਇੱਕ ਗੰਭੀਰ ਚੇਤਾਵਨੀ ਦੇ ਰਾਹੀਂ ਆਪਣੇ ਦਾਅਵੇ ਨੂੰ ਸੰਖੇਪ ਵਿਚ ਪ੍ਰਸਤੁਤ ਕੀਤਾ: ਪਰਮੇਸ਼ੁਰ ਆਪਣੀ ਹੈਕਲ ਦੀ ਅਪਵਿੱਤਰਤਾ ਨੂੰ ਹਲਕਾ ਨਹੀਂ ਲਵੇਗਾ। ਕਲੀਸੀਆ ਨੂੰ ਛੋਟੀਆਂ ਛੋਟੀਆਂ ਗੱਲਾਂ ਦੀ ਵਫ਼ਾਦਾਰੀ ਕਰਕੇ ਵੰਡਣਾ ਇਸ ਨੂੰ ਨਾਸ ਕਰਨ ਦੇ ਸਮਾਨ ਹੈ। ਹੈਕਲ ਨੂੰ ਅਪਵਿੱਤਰ ਕਰਨ ਵਾਲੇ ਨੂੰ ਪਤਾ ਹੋਣਾ ਚਾਹੀਦਾ ਹੈ ਕਿ **ਪਰਮੇਸ਼ੁਰ ਉਹ ਦਾ ਨਾਸ ਕਰੇਗਾ।** ਰਸੂਲ ਨੇ ਪਰਮੇਸ਼ੁਰ ਦੇ ਘਰ ਦੀ ਪਵਿੱਤਰਤਾ ਦੀ ਉਲੰਘਣਾ ਕਰਨ ਵਾਲਿਆਂ ਨੂੰ ਕੋਈ ਦਿਲਾਸਾ ਨਹੀਂ ਦਿੱਤਾ। ਉਸ ਨੇ ਇਸ ਗੱਲ ਦੀ ਕੋਈ ਸੰਭਾਵਨਾ ਨਹੀਂ ਰੱਖੀ ਹੈ ਕਿ ਅਜਿਹੇ ਵਿਅਕਤੀ ਨੂੰ ਘੱਟ ਸਜ਼ਾ ਮਿਲੇਗੀ ਜਾਂ ਉਹ ਮੁਸ਼ਕਲ ਦੇ ਨਾਲ ਬਚੇਗਾ। ਪਰਮੇਸ਼ੁਰ ਦੀ ਕਲੀਸੀਆ ਪਵਿੱਤਰਤਾ ਦਾ ਇੱਕ ਸਥਾਨ ਹੈ। ਬਾਅਦ ਦੇ ਸਾਲਾਂ ਵਿਚ, ਪਤਰਸ ਨੇ ਪੌਲੁਸ ਦੀ ਸਮਾਨਤਾ ਦਾ ਵਿਸਥਾਰ ਕੀਤਾ। ਉਸ ਨੇ ਕਿਹਾ, ਮਸੀਹੀ ਲੋਕ, "ਜੀਉਂਦੇ ਪੱਥਰ ਹਨ।" ਉਹ "ਇੱਕ ਪਵਿੱਤਰ ਜਾਜਕਾਂ ਦੇ ਲਈ ਆਤਮਿਕ ਘਰ ਦੇ ਰੂਪ ਵਿੱਚ ਉਸਾਰੇ ਜਾਂਦੇ ਹਨ, ਤਾਂ ਕਿ ਉਨ੍ਹਾਂ ਵਿਚ ਬਲੀਦਾਨ ਚੜ੍ਹਾਏ ਜਾ ਸਕਣ" (1 ਪਤਰਸ 2:5)।

ਪੌਲੁਸ ਚਾਹੁੰਦਾ ਸੀ ਕਿ ਉਸ ਦੇ ਪਾਠਕ ਜਾਣਨ ਕਿ **ਪਰਮੇਸ਼ੁਰ ਦੀ ਹੈਕਲ** ਦੇ ਰੂਪ ਵਿਚ, ਉਹ **ਪਵਿੱਤਰ** ਸਨ। ਸ਼ਾਇਦ ਰਸੂਲ ਨੇ "ਹੈਕਲ" ਦੇ ਲਈ ਇੱਕ ਸ਼ਬਦ ਸੁਣਿਆ ਹੈ ਜਿਸ ਨੇ ਪੂਰੇ ਪਵਿੱਤਰ ਖੇਤਰ ਵਿਚ ਅਦਾਲਤਾਂ, ਡਿਓਢੀਆਂ, ਅਤੇ ਭੰਡਾਰ ਭਵਨਾਂ ਸਹਿਤ ਸਾਰੇ ਖੇਤਰ ਨੂੰ ਨਾਮਿਤ ਕੀਤਾ (ἱερόν, *ਹਾਏਰੋਨ*)। ਇਸ ਦੀ ਬਜਾਇ, ਉਸ ਨੇ ਉਹ ਸ਼ਬਦ ਚੁਣਿਆ ਜੋ ਅੰਦਰੂਨੀ ਹੈਕਲ, ਪਵਿੱਤਰ ਸਥਾਨ ਅਤੇ ਪਰਮ ਪਵਿੱਤਰ ਸਥਾਨ (ναός, *ਨਾਓਸ*) ਦੇ ਲਈ ਸੀ। ਕੁਰਿੰਥੀਆਂ ਦੇ ਮਸੀਹੀ ਲੋਕ, ਪਾਪ ਤੋਂ ਧੋਤੇ ਹੋਏ (ਰਸੂਲਾਂ ਦੇ ਕਰਤੱਬ 22:16), ਅਨੰਤ ਜੀਵਨ ਦੇ ਲਈ ਅਜ਼ਾਦ ਕੀਤੇ ਹੋਏ ਪਵਿੱਤਰ ਲੋਕ ਸਨ। ਇਹ ਇੱਕ ਦੰਗ ਕਰ ਦੇਣ ਵਾਲੀ ਘੋਸ਼ਣਾ ਹੈ। ਇੱਕ ਆਮ ਦਰਸ਼ਕ ਉਨ੍ਹਾਂ ਦੇ ਪਵਿੱਤਰ ਹੋਣ ਦਾ ਨਿਰਣਾ ਕਰ ਸਕਦਾ ਹੈ। ਉਹ ਵੰਡੇ ਹੋਏ ਸਨ। ਉਨ੍ਹਾਂ ਨੇ ਆਪਣੇ ਦਰਮਿਆਨ ਸਪੱਸ਼ਟ ਪਾਪ ਨੂੰ ਸਹਿਣ ਕੀਤਾ ਸੀ (5:1)। ਉਨ੍ਹਾਂ ਵਿਚੋਂ ਕੁਝ ਨੂੰ ਆਂਸ਼ਿਕ ਰੂਪ ਵਿਚ ਮੂਰਤੀਪੂਜਾ ਤੋਂ ਛੁਡਾਇਆ ਗਿਆ ਸੀ (8:10)। ਉਨ੍ਹਾਂ ਦੇ ਵਿਚ ਇੱਕ ਵੱਡਾ ਘਾਟਾ ਸੀ ਕਿ ਉਹ ਇੱਕ ਦੂਜੇ ਉੱਤੇ ਦੋਸ਼ ਲਾਉਣ ਦੇ ਲਈ ਦੁਨਿਆਵੀ ਕਾਨੂੰਨ ਦੀਆਂ ਕਚਹਿਰੀਆਂ ਵਿਚ ਜਾਂਦੇ ਸਨ (6:7)। ਤਾਂ ਵੀ, ਪਰਮੇਸ਼ੁਰ ਨੇ ਉਨ੍ਹਾਂ ਨੂੰ ਪਵਿੱਤਰ ਬਣਾਇਆ ਸੀ, ਇਸ ਲਈ ਉਹ ਪਵਿੱਤਰ ਸਨ। ਲੇਲੇ ਦੇ ਲਹੂ ਨੇ ਪਰਮੇਸ਼ੁਰ ਦੇ ਨਾਲ ਉਨ੍ਹਾਂ ਦੇ ਸੰਬੰਧ ਨੂੰ ਬਦਲ ਦਿੱਤਾ ਸੀ। ਪੌਲੁਸ ਨੇ ਉਨ੍ਹਾਂ ਨੂੰ ਪਵਿੱਤਰ ਲੋਕਾਂ ਦੇ ਰੂਪ ਵਿਚ ਜੀਵਨ ਗੁਜ਼ਾਰਨ ਦੀ ਚੇਤਾਵਨੀ ਦਿੱਤੀ ਜਿਸ ਦੇ ਲਈ ਪਰਮੇਸ਼ੁਰ ਨੇ ਉਨ੍ਹਾਂ ਨੂੰ ਬਣਾਇਆ ਸੀ।

## "ਸਾਰੀਆਂ ਵਸਤਾਂ ਤੁਹਾਡੀਆਂ ਹਨ" (3:18-23)

ਪੌਲੁਸ ਕੁਰਿੰਥੁਸ ਦੇ ਲੋਕਾਂ ਦੇ ਨਾਲ ਕੋਮਲਤਾ ਦੇ ਨਾਲ ਪੇਸ਼ ਆਇਆ ਸੀ। ਉਹ ਕਪਟ ਦੇ ਲਈ ਆਪਣੇ ਆਪ ਤੇ ਮਾਣ ਕਰਦੇ ਸਨ ਜਿਸ ਦੇ ਨਾਲ ਉਨ੍ਹਾਂ ਨੇ ਕੁਰਿੰਥੁਸ ਦੇ ਸਰਵਜਨਕ ਵਰਗਾਂ ਵਿਚ ਦਾਰਸ਼ਨਿਕਾਂ ਦਾ ਮੁਲਾਂਕਣ ਕੀਤਾ, ਪੌਲੁਸ ਨੇ ਸਪੱਸ਼ਟ ਰੂਪ ਵਿਚ ਗੱਲ ਕੀਤੀ। 3:1, 2 ਵਿਚ, ਉਸ ਨੇ, ਸੰਖੇਪ ਵਿਚ ਕਿਹਾ, "ਮੈਂ ਤੁਹਾਡੇ ਨਾਲ ਐੱਦਾਂ ਨਾ ਬੋਲ ਸੱਕਿਆ ਜਿੱਦਾਂ ਆਤਮਕਾਂ ਨਾਲ ਸਗੋਂ ਜਿੱਦਾਂ ਸਰੀਰਕਾਂ ਦੇ ਨਾਲ ਬੋਲੀਦਾ ਹੈ, ਹਾਂ ਜਿੱਦਾਂ ਓਹਨਾਂ ਦੇ ਨਾਲ ਜਿਹੜੇ ਮਸੀਹ ਵਿੱਚ ਨਿਆਣੇ ਹਨ।" ਰਸੂਲ ਨੇ ਆਤਮ-ਮਹੱਤਵ ਦੇ ਕਿਸੇ ਵੀ ਵਿਅਕਤੀ ਦੀ ਭਾਵਨਾ ਨੂੰ ਪਸੰਦ ਨਹੀਂ ਕੀਤਾ, ਪਰ ਨਾ ਹੀ ਆਪਣੇ ਪਾਠਕਾਂ ਨੂੰ ਇਸ ਗੱਲ ਨੂੰ ਭੁੱਲਣ ਦਿੱਤਾ ਕਿ ਉਹ ਪਰਮੇਸ਼ੁਰ ਦੇ ਦੁਆਰਾ ਬੁਲਾਏ ਗਏ ਹਨ। ਪੌਲੁਸ ਦੀ ਵਕਾਲਤ ਕਰਨ ਦੇ ਲਈ ਕੋਈ ਸਿਧਾਂਤ ਨਹੀਂ ਸਨ; ਉਸ ਦੇ ਕੋਲ ਇੱਕ ਸਮਾਜ ਸੀ ਜਿਸ ਨੂੰ ਪਰਮੇਸ਼ੁਰ ਦੇ ਸਰੂਪ ਤੇ ਢਾਲਣਾ ਸੀ। ਕਿਸੇ ਦਰਜੇ ਤਕ, ਕੁਰਿੰਥੀਆਂ ਦਾ ਇਹ ਸਮਾਜ ਆਤਮਾ ਵਿਚ ਆ ਗਿਆ ਅਤੇ ਨਿਮਰਤਾ ਪੂਰਵਕ ਪਰਮੇਸ਼ੁਰ ਦੇ ਅਧੀਨ ਰਿਹਾ ਸੀ। ਪ੍ਰਭੂ ਦੀ ਕਲੀਸੀਆ ਦੇ ਮੈਂਬਰ ਹੋਣ ਦੇ ਨਾਤੇ, ਉਨ੍ਹਾਂ ਨੂੰ ਮਨ ਅਤੇ ਵਿਚਾਰ ਦੀ ਏਕਤਾ (1:10) ਅਤੇ ਇੱਕ ਸਾਂਝੇ ਗਿਆਨ ਅਤੇ ਆਸ ਦੇ ਦੁਆਰਾ ਏਕਤਾ ਦਾ ਚਿੰਨ੍ਹ ਦਿੱਤਾ ਗਿਆ ਸੀ।

**18ਕੋਈ ਆਪਣੇ ਆਪ ਨੂੰ ਧੋਖਾ ਨਾ ਦੇਵੇ। ਜੇ ਕੋਈ ਤੁਹਾਡੇ ਵਿੱਚ ਆਪਣੇ ਆਪ ਨੂੰ ਇਸ ਜੁੱਗ ਵਿਖੇ ਗਿਆਨੀ ਸਮਝਦਾ ਹੈ ਤਾਂ ਉਹ ਮੂਰਖ ਬਣੇ ਭਈ ਗਿਆਨੀ ਹੋ ਜਾਵੇ।**
**19ਇਸ ਸੰਸਾਰ ਦਾ ਗਿਆਨ ਪਰਮੇਸ਼ੁਰ ਦੇ ਭਾਣੇ ਮੂਰਖਪੁਣਾ ਹੈ ਕਿਉਂ ਜੋ ਲਿਖਿਆ ਹੋਇਆ ਹੈ ਭਈ ਉਹ ਗਿਆਨੀਆਂ ਨੂੰ ਓਹਨਾਂ ਦੀ ਹੀ ਚਤਰਾਈ ਵਿੱਚ ਫਸਾ ਦਿੰਦਾ ਹੈ।**

**[20]ਅਤੇ ਫੇਰ ਇਹ ਕਿ ਪ੍ਰਭੂ ਗਿਆਨੀਆਂ ਦੀਆਂ ਸੋਚਾਂ ਨੂੰ ਜਾਣਦਾ ਹੈ ਜੋ ਓਹ ਅਵਿਰਥੀਆਂ ਹਨ। [21]ਇਸ ਲਈ ਕੋਈ ਜਣਾ ਮਨੁੱਖਾਂ ਉੱਤੇ ਅਭਮਾਨ ਨਾ ਕਰੇ ਕਿਉਂ ਜੋ ਸਾਰੀਆਂ ਵਸਤਾਂ ਤੁਹਾਡੀਆਂ ਹਨ। [22]ਕੀ ਪੌਲੁਸ, ਕੀ ਅਪੁੱਲੋਸ, ਕੀ ਕੇਫ਼ਾਸ, ਕੀ ਦੁਨੀਆ, ਕੀ ਜੀਵਨ, ਕੀ ਮੌਤ, ਕੀ ਵਰਤਮਾਨ ਵਸਤਾਂ, ਕੀ ਹੋਣ ਵਾਲੀਆਂ ਵਸਤਾਂ, ਸੱਭੇ ਤੁਹਾਡੀਆਂ ਹਨ! [23]ਅਤੇ ਤੁਸੀਂ ਮਸੀਹ ਦੇ ਹੋ ਅਤੇ ਮਸੀਹ ਪਰਮੇਸ਼ੁਰ ਦਾ ਹੈ।**

**ਆਇਤ 18.** ਮਸੀਹ ਨੂੰ ਪ੍ਰਭੂ ਦੇ ਰੂਪ ਵਿਚ ਗ੍ਰਹਿਣ ਕਰਨਾ ਮਸੀਹੀਆਂ ਨੂੰ ਧੋਖਾ ਖਾਣ ਤੋਂ ਰੋਕਦਾ ਨਹੀਂ ਹੈ। ਕੋਈ ਉਲਟ ਤਰਕ ਵੀ ਦੇ ਸਕਦਾ ਹੈ: ਕਿ ਮਸੀਹੀ ਖਾਸ ਤੌਰ ਤੇ ਧੋਖੇ ਦੇ ਪ੍ਰਤਿ ਸੰਵੇਦਨਸ਼ੀਲ ਹੁੰਦੇ ਹਨ-। ਭਰੋਸਾ ਰੱਖਦਾ ਵਿਸ਼ਵਾਸ ਦਾ ਇੱਕ ਮਹੱਤਵਪੂਰਣ ਅੰਗ ਹੈ। ਇੰਜੀਲ ਨੂੰ, ਇੱਕ ਬੋਲੇ ਗਏ ਸੰਦੇਸ਼ ਦੇ ਰੂਪ ਵਿਚ, ਵਿਸ਼ਲੇਸ਼ਣ ਅਤੇ ਸਮਝਣ ਦੀ ਲੋੜ ਹੈ। ਵਿਸ਼ਵਾਸੀ ਲੋਕ ਉਨ੍ਹਾਂ ਲੋਕਾਂ ਦੀ ਸ਼ਲਾਘਾ ਕਰਦੇ ਹਨ ਜੋ ਇੰਜੀਲ ਦੇ ਸੰਦੇਸ਼ ਨੂੰ ਚੰਗੀ ਤਰ੍ਹਾਂ ਦੇ ਨਾਲ ਸਪੱਸ਼ਟ ਕਰ ਸਕਦੇ ਹਨ, ਜੋ ਲੋਕ ਪਾਪੀ ਲੋਕਾਂ ਨੂੰ ਤੋਬਾ ਕਰਨ ਅਤੇ ਯਿਸੂ ਨੂੰ ਪ੍ਰਭੂ ਦੇ ਰੂਪ ਵਿਚ ਗ੍ਰਹਿਣ ਕਰਨ ਦੇ ਲਈ ਰਾਜੀ ਕਰਨ ਦੇ ਲਈ ਸਹੀ ਸ਼ਬਦ ਲੱਭ ਸਕਦੇ ਹੋਣ। ਕੁਰਿੰਥੁਸ ਵਿਚ ਕਪਟੀ ਅਤੇ ਮੌਕਾਪ੍ਰਸਤ ਬਹੁਤ ਹੀ ਫੈਲੇ ਹੋਏ ਸਨ। ਆਪਣੇ ਸ਼ਬਦਾਂ ਨੂੰ ਰਹੱਸਵਾਦੀ ਵਾਕਾਂ ਵਿਚ ਪਾ ਕੇ ਅਤੇ ਬੁੱਧੀ ਦਾ ਨਾਟਕ ਕਰਕੇ, ਉਹ ਧੋਖਾ ਦੇਣ ਦੇ ਯੋਗ ਸਨ। ਕਲੀਸੀਆ ਦੇ ਇਤਿਹਾਸ ਦੇ ਦੌਰਾਨ, ਅਜਿਹੇ ਲੋਕ ਨਿਰੰਤਰ ਹੋਰਨਾਂ ਨੂੰ ਗੁਮਰਾਹ ਕਰਦੇ ਆਏ ਹਨ।

ਦੂਸਰੀ ਸ਼ਤਾਬਦੀ ਦੇ ਮੱਧ ਵਿਚ, ਵਿਅੰਗਕਾਰ ਲੂਸਿਯਨ ਨੇ ਇੱਕ ਤਾਨਾਸ਼ਾਹ ਦੀ ਕਹਾਣੀ ਦੱਸੀ ਜਿਸ ਨੇ ਆਪਣਾ ਨਾਮ "ਪੇਰੀਗਰੀਨਸ" ਰੱਖਿਆ ਹੋਇਆ ਸੀ। ਲੂਸਿਯਨ ਨੇ ਵਰਣਨ ਕੀਤਾ ਕਿ ਕਿਵੇਂ ਪੇਰੀਗਰੀਨਸ ਇੱਕ ਮਸੀਹੀ ਬਣ ਗਿਆ ਅਤੇ ਥੋੜੀ ਦੇਰ ਬਾਅਦ "ਉਨ੍ਹਾਂ ਸਾਰਿਆਂ ਨੂੰ ਬੱਚਿਆਂ ਵਾਂਗ ਦਿਖਾਇਆ।" ਉਸ ਨੇ ਆਪਣੀਆਂ ਕਿਤਾਬਾਂ ਦੀ ਵਿਆਖਿਆ ਕੀਤੀ ਅਤੇ ਆਪ ਵੀ ਪੁਸਤਕਾਂ ਲਿਖੀਆਂ। ਜਦੋਂ ਪੇਰੀਗਰੀਨਸ ਨੂੰ ਜੇਲ੍ਹ ਦੇ ਵਿਚ ਸੁੱਟ ਦਿੱਤਾ ਗਿਆ, ਤਾਂ ਉਸ ਦੇ ਮਸੀਹੀ ਭੈਣਾਂ ਅਤੇ ਭਰਾਵਾਂ ਨੇ ਉਸ ਨੂੰ ਛੁਡਾਉਣ ਦੀ ਹਰ ਸੰਭਵ ਕੋਸ਼ਿਸ਼ ਕੀਤੀ।" ਉਨ੍ਹਾਂ ਨੇ ਉਸ ਨੂੰ ਦੇਣ ਦੇ ਲਈ ਕਾਫੀ ਧਨ ਇਕੱਠਾ ਕਰ ਲਿਆ। ਲੂਸਿਯਨ ਨੇ ਇਸ ਭੋਲੇਪਣ ਨੂੰ ਸੰਖੇਪ ਵਿਚ ਪ੍ਰਸਤੁਤ ਕੀਤਾ ਜਿਸ ਵਿਚ ਉਹ ਮਸੀਹੀਆਂ ਨੂੰ ਇਸ ਪ੍ਰਕਾਰ ਪਛਾਣਨਾ ਚਾਹੁੰਦਾ ਸੀ: "ਇਸ ਲਈ ਜੇਕਰ ਕੋਈ ਚਲਾਕ ਅਤੇ ਚਾਲਬਾਜ਼ ਵਿਅਕਤੀ, ਜੋ ਮੌਕਾਪ੍ਰਸਤ, ਉਨ੍ਹਾਂ ਦੇ [ਅਰਥਾਤ, ਮਸੀਹੀਆਂ] ਦਰਮਿਆਨ ਆਉਂਦਾ ਹੈ, ਤਾਂ ਉਹ ਸਧਾਰਣ ਲੋਕਾਂ ਉੱਤੇ ਪ੍ਰਭਾਵ ਪਾ ਕੇ ਅਚਾਨਕ ਅਮੀਰ ਹੋ ਜਾਂਦਾ ਹੈ।"[9]

ਲੂਸਿਯਨ ਸੰਭਵ ਤੌਰ ਤੇ ਆਪਣੇ ਪਾਠਕਾਂ ਨੂੰ ਮਨੋਰੰਜਨ ਦੇ ਲਈ ਪ੍ਰੇਰਿਤ ਕਰਦਾ ਹੈ, ਪਰ ਉਸ ਦਾ ਵਰਣਨ ਕੁਝ ਵਿਸ਼ਵਾਸੀਆਂ ਦੇ ਅਨੁਭਵ ਦੇ ਨੇੜੇ ਹੈ ਤਾਂ ਕਿ ਉਹ ਬੁਰਾ ਮਹਿਸੂਸ ਕਰ ਸਕਣ। ਆਪਣੀ ਪ੍ਰਸ਼ੰਸਾ ਦੇ ਲਈ, ਮਸੀਹੀ ਲੋਕਾਂ ਨੂੰ ਮਾਫ਼ ਕਰਨਾ ਅਤੇ ਵਿਸ਼ਵਾਸ ਕਰਨਾ ਚਾਹੀਦਾ ਹੈ। ਜਦਕਿ ਪੌਲੁਸ ਅਜਿਹੇ ਗੁਣਾਂ ਨੂੰ ਉਤਸਾਹਿਤ ਕਰਦਾ ਹੈ, ਪਰ ਕੁਝ ਬਿੰਦੂਆਂ ਤੇ, ਦਿਮਾਗ ਮੰਗ ਕਰਦਾ ਹੈ ਕਿ ਕੁਝ ਗੰਭੀਰ ਪ੍ਰਸ਼ਨ ਵੀ ਪੁੱਛੇ ਜਾਣ। ਰਸੂਲ ਨੇ ਕੁਰਿੰਥੀਆਂ ਦੀ ਕਲੀਸੀਆ ਨੂੰ ਕਿਹਾ ਕਿ ਚਤੁਰ ਭਾਸ਼ਣਾਂ, ਪ੍ਰਭਾਵਸ਼ਾਲੀ ਬੁਲਾਰਿਆਂ, ਅਤੇ ਰਹੱਸਮਈ ਦਾਰਸ਼ਨਿਕਾਂ ਦੇ ਨਾਲ ਮੋਹ ਰੱਖਣਾ, ਆਪਣੇ ਆਪ ਨੂੰ ਧੋਖਾ ਦੇਣਾ ਹੈ। ਮਸੀਹੀ ਜੋ ਆਪਣੇ ਆਪ ਨੂੰ **ਇਸ ਜੁੱਗ ਵਿਖੇ ਗਿਆਨੀ ਸਮਝਦੇ ਹਨ, ਉਹ**

ਆਪਣੇ ਸਮੇਂ "ਆਤਮਿਕ ਗਿਆਨ" ਨੂੰ ਧਿਆਨ ਵਿਚ ਰੱਖਦੇ ਹੋਏ **ਮੂਰਖ ਬਣੇ ਭਈ ਗਿਆਨੀ ਹੋ ਜਾਵੇ।**

**ਆਇਤ 19.** ਪੌਲੁਸ ਨੇ ਕਿਹਾ, ਪਰਮੇਸ਼ੁਰ, ਖੁਸ਼ ਹੁੰਦਾ ਹੈ, ਪ੍ਰਭਾਵਿਤ ਨਹੀਂ ਹੁੰਦਾ ਜਦੋਂ ਲੋਕ ਉਨ੍ਹਾਂ ਮਾਮਲਿਆਂ ਵਿਚ ਧੱਸ ਜਾਂਦੇ ਹਨ ਜੋ ਉਨ੍ਹਾਂ ਤੋਂ ਪਰੇ ਹੁੰਦੇ ਹਨ। ਇੱਕ ਤਾਨੇ ਦੇ ਨਾਲ, ਰਸੂਲ ਨੇ **ਇਸ ਸੰਸਾਰ ਦਾ ਗਿਆਨ** ਪਛਾਣ ਲਿਆ, ਇੱਕ ਅਜਿਹੀ ਬੁੱਧ ਜੋ "ਇਸ ਯੁੱਗ ਵਿਖੇ ਗਿਆਨੀ ਸਮਝਦਾ ਹੈ" (3:18)। ਅਜਿਹੀ ਬੁੱਧ ਆਪਣੀਆਂ ਹੱਦਾਂ ਤੋਂ ਅਣਜਾਣ ਹੁੰਦੀ ਹੈ। ਜਦੋਂ ਹੱਵਾਹ ਨੂੰ ਇਹ ਪਤਾ ਲੱਗਿਆ ਕਿ ਉਹ ਬਾਗ ਦੇ ਕਿਸੇ ਵੀ ਦਰੱਖਤ ਦਾ ਫਲ ਖਾ ਸਕਦੀ ਹੈ ਅਤੇ ਨਹੀਂ ਮਰੇਗੀ (ਉਤਪਤ 3:1-4) ਤਾਂ ਉਹ ਪ੍ਰਭਾਵਿਤ ਹੋਈ। ਸਿਨਾਰ ਦੇ ਮੈਦਾਨ ਵਿਚ ਆਉਣ ਵਾਲੇ ਲੋਕ ਵੀ ਉਸ ਸਮੇਂ ਆਪਣੇ ਜੁੱਗ ਦੀ ਬੁੱਧੀ ਉੱਤੇ ਨਿਰਭਰ ਸਨ ਜਦੋਂ ਉਨ੍ਹਾਂ ਨੇ ਇਹ ਯੋਜਨਾ ਬਣਾਈ ਕਿ ਉਹ ਇੱਕ ਬੁਰਜ ਬਣਾਉਣਗੇ ਜਿਸ ਦੀ ਟੀਸੀ ਆਕਾਸ਼ ਨੂੰ ਛੂਹੇ (ਉਤਪਤ 11:4)। ਇਹ ਮਨੁੱਖਜਾਤੀ ਉਹ ਕਹਾਣੀ ਹੈ ਜਿਸ ਵਿਚ ਪਰਮੇਸ਼ੁਰ ਨੇ ਮਨੁੱਖਾਂ ਦੀਆਂ ਭਾਸ਼ਾਵਾਂ ਵਿਚ ਗੜਬੜੀ ਪਾ ਦਿੱਤੀ ਅਤੇ ਉਨ੍ਹਾਂ ਨੂੰ ਦੂਰ ਦੂਰ ਖਿਲਾਰ ਦਿੱਤਾ ਸੀ। ਲੋਕ ਘਮੰਡ ਅਤੇ ਹੰਕਾਰ ਵਿਚ ਆ ਕੇ ਇਸ ਗੱਲ ਨੂੰ ਭੁੱਲ ਜਾਂਦੇ ਹਨ ਕਿ ਇਸ ਸੰਸਾਰ ਦਾ ਗਿਆਨ **ਪਰਮੇਸ਼ੁਰ ਦੇ ਭਾਣੇ ਮੂਰਖਪੁਣਾ ਹੈ।**

ਪੌਲੁਸ ਨੇ ਅੱਯੂਬ 5:13 ਦੀ ਚੇਤਾਵਨੀ ਦਾ ਹਵਾਲਾ ਦਿੰਦੇ ਹੋਏ ਕਿਹਾ: **"ਉਹ ਬੁੱਧਵਾਨਾਂ ਨੂੰ ਉਨ੍ਹਾਂ ਦੀ ਚਤੁਰਾਈ ਵਿੱਚ ਫਸਾਉਂਦਾ ਹੈ।"** ਇਹ ਸ਼ਬਦ ਅੱਯੂਬ ਦੇ ਮਿੱਤਰ ਅਲੀਫ਼ਜ਼ ਦੇ ਹਨ। ਅੱਯੂਬ ਦੀ ਪੁਸਤਕ ਵਿਚੋਂ ਲਏ ਗਏ ਵਾਕ ਨਵੇਂ ਨੇਮ ਵਿਚ ਕਈਆਂ ਸਥਾਨਾਂ ਤੇ ਬੁਣੇ ਗਏ ਹਨ, ਪਰ ਕੰਮ ਸਿੱਧੇ ਤੌਰ ਤੇ ਸਿਰਫ ਤਿੰਨ ਵਾਰ ਦਿੱਤਾ ਗਿਆ। ਤਿੰਨਾਂ ਵਿਚੋਂ ਦੋ ਅਲੀਫ਼ਜ਼ ਦੇ ਸਾਹਮਣੇ ਚੁੱਪ ਸਨ (1 ਕੁਰਿੰਥੀਆਂ 3:19 [ਅੱਯੂਬ 5:13]; ਇਬਰਾਨੀਆਂ 12:5 [ਅੱਯੂਬ 5:17]); ਤੀਸਰਾ ਪਰਮੇਸ਼ੁਰ ਦੁਆਰਾ ਅੱਯੂਬ ਨੂੰ ਸੰਬੋਧਤ ਕਰਨਾ (ਰੋਮੀਆਂ 11:35 [ਅੱਯੂਬ 41:11; ਵੇਖੋ 35:7 ਵਿਚ ਅਲੀਹੂ ਦੇ ਸ਼ਬਦ])। ਵਿਅੰਗ ਇਹ ਹੈ ਕਿ ਅੱਯੂਬ ਦੇ ਮਿੱਤਰਾਂ ਨੇ ਪਰਮੇਸ਼ੁਰ ਦੇ ਰਾਹਾਂ ਨੂੰ ਜਾਣਨ ਦੀ ਅਯੋਗਤਾ ਸਵੀਕਾਰ ਕੀਤੀ, ਤਾਂ ਵੀ ਉਨ੍ਹਾਂ ਨੇ ਅੱਯੂਬ ਨੂੰ ਇੰਝ ਸਿੱਖਿਆ ਦਿੱਤੀ ਜਿਵੇਂ ਉਹ ਸਾਰੀ ਬੁੱਧ ਨੂੰ ਜਾਣਦੇ ਹੋਣ। ਉਸ ਹੱਦ ਤੇ, ਅੱਯੂਬ ਦੇ ਮਿੱਤਰ ਆਪਣੀ ਚਲਾਕੀ ਵਿਚ ਆਪ ਹੀ ਫਸ ਗਏ ਸਨ।

**ਆਇਤ 20.** ਆਪਣੇ ਬਿੰਦੂ ਤੇ ਹੋਰ ਜ਼ੋਰ ਦਿੰਦੇ ਹੋਏ, ਪੌਲੁਸ ਜ਼ਬੂਰਾਂ ਦੀ ਪੋਥੀ 94:11 ਵੱਲ ਮੁੜਿਆ। ਇਹ ਹਵਾਲਾ ਪੁਰਾਣੇ ਨੇਮ ਦੇ ਯੂਨਾਨੀ ਅਨੁਵਾਦ ਤੋਂ ਹੈ (ਜ਼ਬੂਰਾਂ ਦੀ ਪੋਥੀ 93:11; LXX), ਜਿੱਥੇ ਇਬਰਾਨੀ ਤੋਂ ਵੱਖਰਾ ਅਰਥ ਹੈ। ਰਸੂਲ ਨੇ ਜ਼ੋਰ ਦਿੱਤਾ ਕਿ ਪਰਮੇਸ਼ੁਰ ਆਪਣੇ ਕੰਮਾਂ ਦੀ ਅਲੋਚਨਾਵਾਂ ਦੀਆਂ ਮਨੁੱਖੀ ਯੋਜਨਾਵਾਂ ਦੇ ਪ੍ਰਤਿ ਸੁਚੇਤ ਹੈ। ਉਸ ਨੂੰ ਇਹ ਪਤਾ ਹੈ ਕਿ ਜਦੋਂ ਮਨੁੱਖ ਢੀਠ ਹੋ ਜਾਂਦੇ ਹਨ ਅਤੇ ਉਸ ਦੇ ਪ੍ਰਕਾਸ਼ਣ ਨੂੰ ਅਲੱਗ ਕਰ ਦਿੰਦੇ ਹਨ, ਤਾਂ **ਸੋਚਾਂ . . . ਅਵਿਰਥੀਆਂ ਹਨ।** ਪੌਲੁਸ ਨੇ ਇਹ ਨਹੀਂ ਕਿਹਾ- ਕਿ ਸਿੱਖਿਆ ਅਤੇ ਉਤਸੁਕਤਾ ਪਰਮੇਸ਼ੁਰ ਦੇ ਸਾਹਮਣੇ ਅਪਰਾਧ ਹਨ। ਇਸ ਦੀ ਬਜਾਇ, ਉਸ ਨੇ ਇਸ ਗੱਲ ਦੀ ਘੋਸ਼ਣਾ ਕੀਤੀ ਕਿ – ਜਦੋਂ ਲੋਕ ਆਪਣੇ ਤਰਕ ਤੇ ਆਉਂਦੇ ਹਨ, ਜਦੋਂ ਤਕਨੀਕ ਵਿਚ ਉੱਨਤੀ ਅਤੇ ਇਲੈਕਟ੍ਰੋਨਿਕ ਪ੍ਰਤਿਭਾ ਸਮਾਪਤ ਹੋ ਜਾਂਦੀ ਹੈ – ਤਾਂ ਹੋਂਦ ਦਾ ਰਹੱਸ ਇਨ੍ਹਾਂ ਸ਼ਬਦਾਂ ਤੋਂ ਬਿਨਾਂ ਹੋਰ ਕੁਝ ਵੀ ਨਹੀਂ ਰਹਿ ਜਾਂਦਾ ਹੈ "ਆਦ ਵਿਚ ਪਰਮੇਸ਼ੁਰ ਨੇ ਅਕਾਸ਼ ਤੇ ਧਰਤੀ ਨੂੰ ਉਤਪਤ ਕੀਤਾ" (ਉਤਪਤ 1:1)।

**ਆਇਤ 21.** ਪੌਲੁਸ ਦੇ ਰਾਹੀਂ ਦਿੱਤੀਆਂ ਗਈਆਂ ਨਸੀਹਤਾਂ ਨਾ ਤਾਂ ਸਾਰ ਨਾ ਹੀ

ਸਿਧਾਂਤਕ ਸਨ। ਅਜਿਹਾ ਨਹੀਂ ਸੀ ਕਿ ਪਰਮੇਸ਼ੁਰ ਨੇ *ਕੁਝ* ਲੋਕਾਂ ਨੂੰ "ਉਨ੍ਹਾਂ ਦੀ ਆਪਣੀ ਚਲਾਕੀ ਵਿਚ" "ਫੜਿਆ।" ਉਹ ਕੁਰਿੰਥੀਆਂ ਦੇ ਮਸੀਹੀਆਂ ਨੂੰ ਉਨ੍ਹਾਂ ਦੀ ਚਲਾਕੀ ਵਿਚ ਫੜਣ ਦੀ ਪ੍ਰਕਿਰਿਆ ਵਿਚ ਸੀ, ਕਿਉਂਕਿ ਉਹ **ਮਨੁੱਖਾਂ ਉੱਤੇ ਅਭਮਾਨ** ਕਰਨ ਦੇ ਕਾਰਨ ਫਸ ਗਏ ਸਨ। ਪੌਲੁਸ ਨੇ ਉਨ੍ਹਾਂ ਨੂੰ ਯਾਦ ਦਿਵਾਇਆ ਸੀ, "ਕਿਉਂ ਜੋ ਪਰਮੇਸ਼ੁਰ ਦੀ ਹੈਕਲ ਪਵਿੱਤਰ ਹੈ ਅਤੇ ਇਹੋ ਤੁਸੀਂ ਹੋ" (3:17)। ਰਸੂਲ ਵਿਅਕਤੀਗਤ ਤਰੀਕੇ ਦੇ ਨਾਲ ਗੱਲ ਕਰ ਰਿਹਾ ਸੀ। ਕੋਈ ਵੀ ਬੁੱਧੀ ਜਿਸ ਦੀ ਕੁਰਿੰਥੀਆਂ ਦੇ ਲੋਕ ਆਸ ਕਰ ਸਕਦੇ ਸਨ ਉਸ ਦੀ ਤੁਲਨਾ ਉਸ ਦੇ ਨਾਲ ਨਹੀਂ ਕੀਤੀ ਜਾ ਸਕਦੀ ਸੀ ਜੋ ਪਰਮੇਸ਼ੁਰ ਨੇ ਮਸੀਹ ਵਿਚ ਉਨ੍ਹਾਂ ਨੂੰ ਬਣਾਇਆ ਸੀ ਉਹ ਪਰਮੇਸ਼ੁਰ ਦੇ ਛੁਡਾਏ ਹੋਏ, ਚੁਣੇ ਹੋਏ, ਪਰਮੇਸ਼ੁਰ ਦੇ ਲੋਕ ਸਨ। ਉਨ੍ਹਾਂ ਨੂੰ ਪਰਮੇਸ਼ੁਰ ਦੇ ਅਤੁੱਲ ਤੋਹਫ਼ਿਆਂ ਦੇ ਮੁੱਲ ਨੂੰ ਪਛਾਣਨ ਦੇ ਦ੍ਰਿਸ਼ਟੀਕੋਣ ਅਤੇ ਨਿਮਰਤਾ ਦੀ ਲੋੜ ਸੀ। ਪੌਲੁਸ ਨੇ ਕਿਹਾ, ਮਸੀਹੀ ਇਸ ਗੱਲ ਤੋਂ ਜਾਣੂ ਹੋਣ **ਕਿ ਸਾਰੀਆਂ ਵਸਤਾਂ ਉਨ੍ਹਾਂ ਦੀਆਂ ਹਨ ਕਿਉਂਕਿ ਉਹ ਪਰਮੇਸ਼ੁਰ ਦੀ ਹੈਕਲ ਹਨ।**

**ਆਇਤ 22.** ਜਦੋਂ **ਕੀ ਪੌਲੁਸ, ਕੀ ਅਪੁੱਲੋਸ, ਕੀ ਕੇਫ਼ਾਸ** ਕੁਰਿੰਥਿਆਂ ਦੇ ਮਸੀਹੀਆਂ ਦੀ ਸੇਵਾ ਕੀਤੀ ਤਾਂ ਉਨ੍ਹਾਂ ਨੂੰ ਬਰਕਤਾਂ ਮਿਲੀਆਂ ਸਨ। ਕੁਝ ਮਾਇਨੇ ਵਿਚ, ਸੇਵਕ, ਉਨ੍ਹਾਂ ਲੋਕਾਂ ਨਾਲ ਸੰਬੰਧਤ ਹੁੰਦੇ ਹਨ ਜਿਨ੍ਹਾਂ ਦੀ ਉਹ ਸੇਵਾ ਕਰਦੇ ਹਨ। ਆਧੁਨਿਕ, ਜਟਿਲ ਸਿੱਖਿਆ "ਸਰੀਰਕਾਂ" (3:1) ਦਾ ਪਦ ਦੇ ਸਕਦੀ ਹੈ, ਪਰ ਮਸੀਹ ਦੇ ਪਵਿੱਤਰ ਆਤਮਾ ਨੂੰ ਗ੍ਰਹਿਣ ਕਰਨ ਵਾਲਿਆਂ ਦੇ ਲਈ ਦਾਸ ਦਾ ਪਦ ਵਧੇਰੇ ਢੁੱਕਵਾਂ ਸੀ। 1:12 ਅਤੇ 3:22 ਵਿਚ ਇਨ੍ਹਾਂ ਤਿੰਨਾਂ ਮਨੁੱਖਾਂ ਦਾ ਉਲੇਖ ਪੱਤ੍ਰੀ ਦੇ ਪਹਿਲੇ ਤਿੰਨਾਂ ਅਧਿਆਇਆਂ ਵਿਚ ਪੌਲੁਸ ਦੀ ਸਲਾਹ ਦੇ ਜ਼ਿਆਦਾਤਰ ਹਿੱਸੇ ਦੇ ਲਈ ਕੀਤੀ ਗਈ ਹੈ। ਕੁਰਿੰਥੁਸ ਦੇ ਲੋਕਾਂ ਨੇ ਆਪਣੇ ਸਿੱਖਿਅਕਾਂ ਤੋਂ ਸੇਧ ਹਾਸਲ ਕੀਤੀ ਸੀ, ਇਸ ਲਈ ਉਨ੍ਹਾਂ ਨੂੰ **ਸੱਭੇ ਵਸਤਾਂ** ਮਿਲੀਆਂ ਸਨ। ਉਹ ਕੀ ਜਾਣਦੇ ਸਨ, ਉਹ ਕੌਣ ਸਨ, ਅਤੇ ਉਹ ਕਿਨ੍ਹਾਂ ਲੋਕਾਂ ਦੇ ਨਾਲ ਰਿਸ਼ਤਿਆਂ ਵਿਚ ਵੱਧ ਰਹੇ ਸਨ ਉਨ੍ਹਾਂ ਨੇ ਉਨ੍ਹਾਂ ਲੋਕਾਂ ਦੇ ਨਾਲ ਗਠਜੋੜ ਕੀਤਾ ਜਿਨ੍ਹਾਂ ਨੇ ਉਨ੍ਹਾਂ ਨੂੰ ਸਿਖਾਇਆ ਸੀ। ਇਹ ਜੋ ਕੁਝ ਵੀ ਸੀ **ਕੀ ਦੁਨੀਆ, ਕੀ ਜੀਵਨ, ਕੀ ਮੌਤ, ਕੀ ਵਰਤਮਾਨ ਵਸਤਾਂ, ਕੀ ਹੋਣ ਵਾਲੀਆਂ ਵਸਤਾਂ,** ਉਨ੍ਹਾਂ ਨੂੰ ਵਿਰਾਸਤ ਵਿਚ ਮਿਲਿਆ ਸੀ।

3:22, ਕੇਫ਼ਾਸ ਦਾ ਉਲੇਖ, ਜਿਵੇਂ 1:12 ਵਿਚ, ਗੁੰਝਲਦਾਰ ਹੈ। ਕੀ ਪਤਰਸ ਨੇ ਖੁਦ ਕੁਰਿੰਥੁਸ ਵਿਚ ਸਮਾਂ ਗੁਜ਼ਾਰਿਆ ਸੀ? ਸ਼ਾਇਦ, ਜਦੋਂ ਪੌਲੁਸ ਨੇ ਕੁਰਿੰਥੁਸ ਵਿਚ ਇੰਜੀਲ ਦਾ ਬੀਜ ਬੀਜੇ ਜਾਣ ਦਾ ਉਲੇਖ ਕੀਤਾ, ਤਾਂ ਇਹ ਅਪੁੱਲੋਸ ਸੀ ਜਿਸ ਨੇ ਸਿੰਜਿਆ ਸੀ, ਨਾ ਕਿ ਪਤਰਸ। ਜਦਕਿ ਕੁਰਿੰਥੁਸ ਦੇ ਮਸੀਹੀ ਸਪਸ਼ੱਟ ਤੌਰ ਤੇ ਅਪੁੱਲੋਸ ਨੂੰ ਵਿਅਕਤੀਗਤ ਤੌਰ ਤੇ ਜਾਣਦੇ ਸਨ (ਰਸੂਲਾਂ ਦੇ ਕਰਤੱਬ 18:24, 27; 1 ਕੁਰਿੰਥੀਆਂ 16:12), ਪਰ ਇਹ ਗੱਲ ਉੱਨੀ ਸਪੱਸ਼ਟ ਨਹੀਂ ਹੈ ਕਿ ਉਹ ਕੇਫ਼ਾਸ ਨੂੰ ਵਿਅਕਤੀਗਤ ਰੂਪ ਵਿਚ ਜਾਣਦੇ ਸਨ। ਪਰ, ਇਹ ਸਪੱਸ਼ਟ ਕਰਨਾ ਮੁਸ਼ਕਲ ਹੈ ਕਿ ਪੌਲੁਸ ਨੇ ਕਿਉਂ ਪਤਰਸ ਦਾ ਉਲੇਖ ਕੀਤਾ ਹੋਵੇਗਾ ਹਾਲਾਂਕਿ ਧੜੇਬੰਦੀਆਂ ਵਿਚ ਉਸ ਦਾ ਨਾਮ ਕਿਸੇ ਵੀ ਤਰ੍ਹਾਂ ਲਾਗੂ ਨਹੀਂ ਕੀਤਾ ਗਿਆ ਸੀ ਜਿਸ ਨੇ ਕਲੀਸੀਆ ਦੇ ਵਿਚ ਵਿਗਾੜ ਪੈਦਾ ਕੀਤਾ ਸੀ। ਪਤਰਸ ਦੇ ਨਾਮ ਨੂੰ ਲਾਗੂ ਕਰਨ ਦੇ ਲਈ ਰਸੂਲ ਨੂੰ ਆਪਣੀ ਜਾਣਕਾਰੀ ਜਾਂ ਸਹਿਮਤੀ ਦੀ ਲੋੜ ਨਹੀਂ ਹੋਵੇਗੀ।

ਕੁਰਿੰਥੀਆਂ ਦੀਆਂ ਪੱਤ੍ਰੀਆਂ ਵਿਚ ਵਾਪਰੀਆਂ ਘਟਨਾਵਾਂ ਇਸ ਗੱਲ ਦਾ ਸਮਰਥਨ ਕਰਦੀਆਂ ਹਨ ਕਿ ਯਹੂਦੀ ਵਿਸ਼ਵਾਸੀ ਪੌਲੁਸ ਦੀ ਗੈਰ ਮੌਜੂਦਗੀ ਵਿਚ ਯਰੂਸ਼ਲਮ ਤੋਂ ਕੁਰਿੰਥੁਸ ਵਿਚ ਆਏ ਹੋਏ ਸਨ, ਜਿਵੇਂ ਉਹ ਪਹਿਲਾਂ ਅੰਤਾਕਿਯਾ ਵਿਚ ਗਏ ਸਨ (ਰਸੂਲਾਂ ਦੇ

ਕਰਤੱਬ 15:1)। ਉਨ੍ਹਾਂ ਨੇ ਮੰਗ ਕੀਤੀ ਸੀ ਕਿ ਗੈਰ ਯਹੂਦੀ ਵਿਸ਼ਵਾਸੀ ਮੂਸਾ ਦੀ ਸ਼ਰਾ ਦੀਆਂ ਰਸਮਾਂ ਨੂੰ ਮੰਨਣ। ਜਿਵੇਂ ਅੰਤਾਕਿਯਾ ਦੇ ਸਿੱਖਿਅਕਾਂ ਨੇ ਦਾਅਵਾ ਕੀਤਾ ਸੀ ਕਿ ਉਨ੍ਹਾਂ ਨੇ ਯਾਕੂਬ ਦੇ ਕੋਲੋਂ ਅਧਿਕਾਰ ਪ੍ਰਾਪਤ ਕੀਤਾ ਹੈ (ਗਲਾਤੀਆਂ 2:12), ਕੁਰਿੰਥੁਸ ਵਿਚ ਵੀ ਉਨ੍ਹਾਂ ਹੀ ਸਿਖਾਉਣ ਵਾਲਿਆਂ ਨੇ ਪਤਰਸ ਕੋਲੋਂ ਅਧਿਕਾਰ ਪ੍ਰਾਪਤ ਕਰਨ ਦਾ ਦਾਅਵਾ ਕੀਤਾ ਸੀ। ਉਹ ਸ਼ਰਾ ਦੇ ਪ੍ਰਤੀ ਜੋਸ਼ ਨਾਲ ਭਰੇ ਹੋਏ ਸਨ, ਜਿਵੇਂ ਯਰੂਸ਼ਲਮ ਵਿਚ ਫਰੀਸੀ ਦਲ ਦੇ ਵਿਸ਼ਵਾਸੀ ਸਨ (ਰਸੂਲਾਂ ਦੇ ਕਰਤੱਬ 15:5; ਵੇਖੋ 21:20)। ਯਹੂਦਿਯਾ ਦੇ ਸਿੱਖਿਅਕਾਂ ਨੇ ਕੁਰਿੰਥੁਸ ਵਿਚ ਗੜਬੜੀ ਨੂੰ ਪੈਦਾ ਕਰ ਦਿੱਤਾ ਸੀ ਜਿਵੇਂ ਉਨ੍ਹਾਂ ਨੇ, ਇਹ ਦਾਅਵਾ ਕਰਦੇ ਹੋਏ ਕਿ ਉਨ੍ਹਾਂ ਨੂੰ ਕੇਫ਼ਾਸ ਤੋਂ ਅਧਿਕਾਰ ਪ੍ਰਾਪਤ ਹੋਇਆ ਹੈ ਗਲਾਤੀਆਂ ਦੀ ਕਲੀਸੀਆ ਵਿਚ ਜਬਰਦਸਤੀ ਵੜ ਚੁੱਕੇ ਸਨ। ਅਸਲ ਵਿਚ, ਕੇਫ਼ਾਸ ਨੇ ਉਨ੍ਹਾਂ ਨੂੰ ਕਦੀ ਵੀ ਗ੍ਰਹਿਣ ਨਹੀਂ ਕੀਤਾ ਸੀ। ਕੁਝ ਕਾਰਨਾਂ ਦੇ ਕਾਰਨ, ਪੌਲੁਸ ਨੇ ਆਪਣੀ ਪਹਿਲੀ ਪੱਤ੍ਰੀ ਵਿਚ ਯਹੂਦੀ ਸਿੱਖਿਅਕਾਂ ਦਾ ਸਿੱਧਾ ਸਾਹਮਣਾ ਨਹੀਂ ਕੀਤਾ ਸੀ; ਪਰ, ਜਦੋਂ ਉਸ ਨੇ 2 ਕੁਰਿੰਥੀਆਂ ਦੀ ਪੱਤ੍ਰੀ ਲਿਖੀ, ਤਾਂ ਉਸ ਨੇ ਇਸ ਮਾਮਲੇ ਦੇ ਬਾਰੇ ਦੱਸਿਆ (2 ਕੁਰਿੰਥੀਆਂ 3:13, 14)। ਅਜਿਹੇ ਸਿੱਖਿਅਕ ਸ਼ਾਇਦ ਝੂਠੇ ਰਸੂਲ ਸਨ ਜਿਨ੍ਹਾਂ ਦੇ ਨਾਲ ਪੌਲੁਸ ਨੂੰ ਸੰਘਰਸ਼ ਕਰਨਾ ਪਿਆ ਸੀ।

**ਆਇਤ 23.** ਕੁਰਿੰਥੁਸ ਦੇ ਵਿਸ਼ਵਾਸੀਆਂ ਵਿੱਚ ਏਕਤਾ ਤਦ ਤੱਕ ਨਹੀਂ ਆਵੇਗੀ ਜਦ ਤੱਕ ਉਹ ਆਪਣੇ ਆਪ ਨੂੰ, ਆਪਣੀ ਬੁੱਧ ਨੂੰ ਅਤੇ ਇੱਥੋਂ ਤੱਕ ਕੇ ਆਪਣੇ ਰਸੂਲੀ ਉਪਦੇਸ਼ਕਾਂ ਨੂੰ ਉਸ ਪ੍ਰਭੂ ਦੇ ਸਪੁਰਦ ਨਹੀਂ ਕਰਦੇ ਜਿਸ ਨੇ ਉਨ੍ਹਾਂ ਨੂੰ ਬਚਾਇਆ ਸੀ। ਪੌਲੁਸ ਚਾਹੁੰਦਾ ਸੀ ਕਿ ਕਲੀਸਿਆ ਉਸ ਦੇ ਇਨ੍ਹਾਂ ਸ਼ਬਦਾਂ ਨੂੰ ਨਿੱਜੀ ਤੌਰ ’ਤੇ ਲੈਣ, “ਸੱਭੇ ਵਸਤਾਂ ਤੁਹਾਡੀਆਂ ਹਨ” (3:22)। ਪੌਲੁਸ ਦੇ ਪ੍ਰਤੀ ਜਾਂ ਹੋਰ ਕਿਸੇ ਵੀ ਉਪਦੇਸ਼ਕ ਦੇ ਪ੍ਰਤੀ ਵਫਾਦਾਰੀ ਇਸ ਤੱਥ ਦੇ ਤੁੱਲ ਨਹੀਂ ਹੋ ਸਕਦੀ ਸੀ: **ਅਤੇ ਤੁਸੀਂ ਮਸੀਹ ਦੇ ਹੋ।** ਉਹ ਇੱਕ ਪਰਜਾ ਇਸ ਕਰਕੇ ਸਨ ਕਿਉਂਕਿ ਉਹ ਮਸੀਹ ਦੇ ਸਨ। ਮਸੀਹ ਦੇ ਹੋਣ ਦਾ ਅਰਥ ਪਰਮੇਸ਼ੁਰ ਦੇ ਹੋਣਾ ਸੀ ਕਿਉਂਕਿ **ਮਸੀਹ ਪਰਮੇਸ਼ੁਰ ਦਾ ਹੈ।** ਪਿਤਾ ਅਤੇ ਪੁੱਤਰ ਦੀ ਏਕਤਾ ਮੰਗ ਕਰਦੀ ਸੀ ਕਿ ਕੁਰਿੰਥੁਸ ਦੇ ਮਸੀਹੀ ਆਪਣੇ ਅੰਦਰੂਨੀ ਝਗੜਿਆਂ ਨੂੰ ਛੱਡ ਕੇ ਸੁਰਗੀ ਥਾਵਾਂ ਵਿਚਲੀ ਏਕਤਾ ਨੂੰ ਅਪਨਾਉਣ।

# ਪ੍ਰਾਸੰਗਿਕਤਾ

### ਸਰੀਰਕ ਹੋਣ ਦੇ ਅਰਥ (3:1-3)

ਪੌਲੁਸ ਨੇ ਮੰਨਿਆ ਕਿ ਉਸ ਨੂੰ ਕੁਰਿੰਥੁਸ ਦੇ ਮਸੀਹੀਆਂ ਨੂੰ “ਸਰੀਰਕ” ਕਹਿ ਕੇ ਸਦਾਉਣਾ ਪਵੇਗਾ। ਉਸ ਨੇ ਪ੍ਰਮਾਣ ਪੇਸ਼ ਕੀਤੇ ਕਿ ਉਨ੍ਹਾਂ ਦਾ ਵਿਹਾਰ ਦਰਸਾਉਂਦਾ ਸੀ ਕਿ ਉਹ “ਅਜੇ ਵੀ ਸਰੀਰਕ” ਸਨ। ਉਨ੍ਹਾਂ ਵਿਚਲੀ ਜਲਣ ਦੇ ਕਾਰਣ ਉਨ੍ਹਾਂ ਵਿੱਚ ਫੁੱਟ ਪੈਂਦੀ ਜਾ ਰਹੀ ਸੀ। ਝਗੜੇ ਉਨ੍ਹਾਂ ਵਿਚਲੇ ਭਾਈਚਾਰੇ ਦੇ ਪ੍ਰੇਮ ਨੂੰ ਖਤਮ ਕਰਦੇ ਜਾ ਰਹੇ ਸਨ; ਬਚਕਾਨਾ ਵਿਹਾਰ ਉਨ੍ਹਾਂ ਵਿਚਲੀ ਸ਼ਾਂਤੀ ਨੂੰ ਮੁਕਾਉਂਦਾ ਜਾ ਰਿਹਾ ਸੀ।

ਅਜਿਹਾ ਜਾਪਦਾ ਹੈ ਕਿ ਮਸੀਹੀ ਲੋਕ ਸਰੀਰਕ ਜੀਵਨ ਦੀ ਤੁਲਨਾ ਚੋਰੀ, ਸ਼ਰਾਬ, ਨਸ਼ਿਆਂ, ਹਰਾਮਕਾਰੀ, ਅਤੇ ਝੂਠ ਜਿਹੇ ਪਾਪਾਂ ਦੇ ਨਾਲ ਕਰਦੇ ਹਨ। ਅਜਿਹੇ ਪਾਪ ਨਿਸ਼ਚਿਤ ਤੌਰ ’ਤੇ ਸਰੀਰਕ ਹਨ, ਪਰ ਜਿਹੜੇ “ਸਰੀਰਕ” ਲੋਕਾਂ ਦੀ ਗੱਲ ਪੌਲੁਸ ਕਰ

ਰਿਹਾ ਸੀ ਉਹ ਇਨ੍ਹਾਂ ਨਾਲੋਂ ਕਿਤੇ ਹੌਲੇ ਪਾਪ ਕਰਦੇ ਸਨ। ਵੱਡੇ ਪਾਪਾਂ ਦੀ ਬਜਾਇ ਅਜਿਹੇ "ਹੌਲੇ" ਪਾਪ ਜਿਵੇਂ ਕਿ ਸੁਆਰਥ, ਵੈਰ, ਕੌੜੇ ਸ਼ਬਦ, ਅਤੇ ਵਿਚਾਰਹੀਣ ਚੁਗਲੀਆਂ ਮਸੀਹ ਦੀ ਦੇਹੀ ਵਿੱਚ ਵਧੇਰੇ ਨੁਕਸਾਨ ਕਰ ਸਕਦੇ ਹਨ। ਪੌਲੁਸ ਨੇ ਮਸੀਹੀਆਂ ਨੂੰ ਬੇਨਤੀ ਕੀਤੀ ਕਿ "ਪੂਰਨ ਅਧੀਨਗੀ, ਨਰਮਾਈ, ਅਤੇ ਧੀਰਜ ਸਹਿਤ ਪ੍ਰੇਮ ਨਾਲ ਇੱਕ ਦੂਜੇ ਦੀ ਸਹਿ ਲਵੋ" (ਅਫ਼ਸੀਆਂ 4:2) ਅਤੇ ਪ੍ਰਭੂ ਦੇ ਜੋਗ ਚੱਲੋ। ਕੁਲੁੱਸੇ ਦੀ ਕਲੀਸਿਆ ਨੂੰ ਉਸ ਨੇ ਲਿਖਿਆ, "ਪਰ ਹੁਣ ਤੁਸੀਂ ਇਨ੍ਹਾਂ ਸਾਰੀਆਂ ਗੱਲਾਂ ਨੂੰ ਅਰਥਾਤ ਕੋਪ, ਕ੍ਰੋਧ, ਬਦੀ, ਦੁਰਬਚਨ, ਅਤੇ ਆਪਣੇ ਮੂੰਹੋਂ ਗੰਦੀਆਂ ਗਾਲਾਂ ਕੱਢਣੀਆਂ ਛੱਡ ਦਿਓ" (ਕੁਲੁੱਸੀਆਂ 3:8)।

**ਕਲੀਸਿਆ ਅਤੇ ਇਸ ਦੇ ਆਗੂ (3:4-9)**

ਸ਼ੋਧ ਦੱਸਦੇ ਹਨ ਕਿ ਕੁਰਸੀਆਂ 'ਤੇ ਬੈਠ ਕੇ ਕਈ ਵਰ੍ਹਿਆਂ ਤੱਕ ਪ੍ਰਚਾਰਕ ਨੂੰ ਸੁਣਨ ਵਾਲੇ ਲੋਕ ਉਸ ਦੀ ਜਾਣਕਾਰੀ ਤੋਂ ਬਿਨਾ ਹੀ ਉਸ ਦੇ ਵਰਗੇ ਬਣਦੇ ਜਾਂਦੇ ਹਨ। ਸਿਰਫ ਪ੍ਰਚਾਰਕ ਹੀ ਉਹ ਸ਼ਖਸੀਅਤ ਨਹੀਂ ਹੁੰਦੀ ਜਿਸ ਦੇ ਵਰਗੇ ਉਸ ਦੇ ਸਰੋਤੇ ਬਣਦੇ ਜਾਂਦੇ ਹਨ। ਆਗੂਆਂ ਵਰਗਾ ਪ੍ਰਭਾਵ ਅਤੇ ਵਫ਼ਾਦਾਰੀ ਦੇ ਹੋਰ ਵੀ ਸਰੋਤ ਹੁੰਦੇ ਹਨ। ਲੋਕ ਅਕਸਰ ਸਥਾਨਕ ਟੀਮਾਂ ਦੇ ਪ੍ਰਤੀ, ਆਪਣਿਆਂ ਪ੍ਰਦੇਸਾਂ ਜਾਂ ਦੇਸਾਂ ਦੇ ਪ੍ਰਤੀ ਅਤੇ ਆਪਣੇ ਸਰਕਾਰੀ ਨੁਮਾਇੰਦਿਆਂ ਦੇ ਪ੍ਰਤੀ ਵਫ਼ਾਦਾਰ ਹੁੰਦੇ ਹਨ। ਇਸ ਕਰਕੇ, ਇਸ ਵਿੱਚ ਕੋਈ ਹੈਰਾਨੀ ਨਹੀਂ ਹੈ ਕਿ ਮਸੀਹੀ ਲੋਕ ਕਲੀਸਿਆ ਵਿੱਚ ਪਰਮੇਸ਼ੁਰ ਦੇ ਵਚਨ ਦੇ ਉਪਦੇਸ਼ ਦੇਣ ਵਾਲਿਆਂ ਦਾ ਬਹੁਤ ਮਾਣ ਕਰਦੇ ਹਨ।

ਪਰ ਨਿੱਜੀ ਸ਼ਲਾਘਾ, ਵਡਿਆਈ, ਜਾਂ ਵਫ਼ਾਦਾਰੀ ਉਸ ਵੇਲੇ ਇੱਕ ਸਮੱਸਿਆ ਬਣ ਜਾਂਦੀ ਹੈ ਜਦ ਇਹ ਹੱਦੋਂ ਵਧ ਜਾਂਦੀ ਹੈ। ਇੱਕ ਸੰਦਰਭ ਵਿੱਚ ਪਤਰਸ (ਰਸੂਲਾਂ ਦੇ ਕਰਤੱਬ 10:25, 26) ਅਤੇ ਹੋਰ ਸੰਦਰਭ ਵਿੱਚ ਪੌਲੁਸ ਅਤੇ ਬਰਨਬਾਸ (ਰਸੂਲਾਂ ਦੇ ਕਰਤੱਬ 14:14, 15) ਉਸ ਵੇਲੇ ਡਰ ਗਏ ਸਨ ਜਦ ਉਨ੍ਹਾਂ ਦੇ ਸਰੋਤੇ ਉਨ੍ਹਾਂ ਦਾ ਸਨਮਾਨ ਕਰਨ ਲੱਗੇ ਸਨ। ਕੁਰਿੰਥੁਸ ਦੇ ਮਸੀਹੀਆਂ ਨੇ ਉਪਦੇਸ਼ਕਾਂ ਨੂੰ ਐਨਾ ਵਧੀਕ ਉੱਚਾ ਚੁੱਕ ਦਿੱਤਾ ਸੀ ਕਿ ਉਨ੍ਹਾਂ ਨੇ ਆਪਣੀ ਨਿੱਜੀ ਸ਼ਲਾਘਾ ਅਤੇ ਵਫ਼ਾਦਾਰੀ ਦੇ ਅਧਾਰ 'ਤੇ ਦਲਬੰਦੀ ਕਰ ਲਈ ਸੀ। ਨਾ ਤਾਂ ਪੌਲੁਸ ਨੇ ਅਤੇ ਨਾ ਹੀ ਅਪੁੱਲੋਸ ਨੇ ਅਜਿਹਾ ਕੁਝ ਕੀਤਾ ਸੀ ਜਿਸ ਨੇ ਇਸ ਦਲਬੰਦੀ ਨੂੰ ਹੱਲਾਸ਼ੇਰੀ ਦਿੱਤੀ ਹੋਵੇ। ਜਿਹੜੇ ਪੌਲੁਸ ਦੀ ਤਰਫਦਾਰੀ ਕਰਦੇ ਸਨ ਆਖਦੇ ਸਨ ਕਿ ਉਸ ਨੂੰ ਪ੍ਰਮੁੱਖਤਾ ਮਿਲੀ ਹੋਈ ਹੈ; ਸਭ ਤੋਂ ਪਹਿਲਾਂ ਨਗਰ ਵਿੱਚ ਮਸੀਹ ਦਾ ਪ੍ਰਚਾਰ ਇਸੇ ਨੇ ਕੀਤਾ ਸੀ। ਉਸ ਦੇ ਵਿਰੋਧੀ ਆਖਦੇ ਸਨ ਕਿ ਉਸ ਦੀਆਂ ਗੱਲਾਂ ਵਿੱਚ ਸੁਆਰਾਪਣ ਨਹੀਂ ਹੈ (2 ਕੁਰਿੰਥੀਆਂ 11:6) ਅਤੇ ਨਾ ਹੀ ਉਸ ਵਿੱਚ ਕੋਈ ਨਿੱਜੀ ਗੁਣ ਹੈ (2 ਕੁਰਿੰਥੀਆਂ 10:10)। ਦੂਜੇ ਪਾਸੇ ਅਪੁੱਲੋਸ ਸਿਆਣਾ ਅਤੇ ਬੋਲਣ ਵਿੱਚ ਸੁਆਰਾ ਸੀ (ਰਸੂਲਾਂ ਦੇ ਕਰਤੱਬ 18:24)।

ਕਦੇ-ਕਦੇ ਕਲੀਸਿਆਵਾਂ ਵਿੱਚ ਵੰਡ ਪਾਉਣ ਵਾਲੀਆਂ ਤਾਕਤਾਂ ਪ੍ਰਚਾਰਕਾਂ ਨੂੰ ਲੋਕਾਂ ਦੁਆਰਾ ਨਿੱਜੀ ਤੌਰ 'ਤੇ ਪਸੰਦ ਕਰਨ ਦੇ ਕਾਰਣ ਵੀ ਪੈਦਾ ਹੁੰਦੀਆਂ ਹਨ। ਇੱਕ ਪੱਧਰ 'ਤੇ ਪਸੰਦ ਵਿਚਲੀ ਇਹ ਭਿੰਨਤਾ ਸਮਝ ਆਉਂਦੀ ਹੈ। ਮਸੀਹੀ ਲੋਕਾਂ ਦਾ ਸਿੱਖਣ ਦਾ ਤਰੀਕਾ ਵੱਖੋ-ਵੱਖਰਾ ਹੁੰਦਾ ਹੈ ਅਤੇ ਸੁਭਾਵਕ ਤੌਰ 'ਤੇ ਹੀ ਉਪਦੇਸ਼ ਦੇ ਵੱਖੋ-ਵੱਖਰੇ ਤਰੀਕਿਆਂ ਨਾਲ ਉਨ੍ਹਾਂ ਨੂੰ ਲਾਭ ਮਿਲਦਾ ਹੈ। ਇਸ ਤੋਂ ਤਦ ਤੱਕ ਨੁਕਸਾਨ ਨਹੀਂ ਹੁੰਦਾ ਜਦ ਤੱਕ ਕਲੀਸਿਆ ਵਿੱਚ ਦਲਬੰਦੀ ਨਾ ਹੋਵੇ। ਕੁਰਿੰਥੀਆਂ ਨੂੰ ਲਿਖੇ ਪੌਲੁਸ ਦੇ ਪੱਤਰ ਵਿੱਚ ਸਾਨੂੰ ਚੇਤੇ ਕਰਾਇਆ

ਗਿਆ ਹੈ ਕਿ ਮਸੀਹੀ ਨਿਹਚਾ ਦੇ ਕੇਂਦਰ ਵਿੱਚ ਮਸੀਹ ਹੈ। ਉਸ ਦੇ ਪ੍ਰਤੀ ਵਫਾਦਾਰੀ ਸਭਨਾਂ ਤੋਂ ਵਧੀਕ ਹੁੰਦੀ ਹੈ। ਮਸੀਹ ਦੀ ਦੇਹੀ ਵਿੱਚ ਏਕਤਾ ਦੀ ਖਾਤਰ ਨਿੱਜੀ ਪਸੰਦਾਂ ਨੂੰ ਇੱਕ ਪਾਸੇ ਕਰ ਦੇਣਾ ਚਾਹੀਦਾ ਹੈ।

**ਕਲੀਸਿਯਾ ਪਰਮੇਸ਼ੁਰ ਦੀ ਹੈਕਲ ਹੈ (3:10-23)**

ਸਮਾਜ ਸ਼ਾਸਤਰੀ ਆਖਦੇ ਹਨ ਕਿ ਆਧੁਨਿਕ ਪੱਛਮੀ ਸੰਸਾਰ ਅੱਤ ਵਧੀਕ ਵਿਅਕਤੀਵਾਦੀ ਬਣ ਗਿਆ ਹੈ। ਸਮਾਜਕ ਜ਼ਿੰਮੇਵਾਰੀਆਂ ਤੋਂ ਵਿਅਕਤੀਗਤ ਅਣਦੇਖੀ ਵਧਦੀ ਜਾ ਰਹੀ ਹੈ। ਸਮਾਜਕ ਸਮੂਹਾਂ ਵੱਲ ਲੋਕਾਂ ਦੀ ਖਿੱਚ ਘਟਦੀ ਜਾ ਰਹੀ ਹੈ ਅਤੇ ਸਰਕਾਰੀ ਖੇਤਰਾਂ ਵਿੱਚ ਸਮਾਜ ਸੇਵਾ ਦੀ ਲੋਕਪ੍ਰਿਯਤਾ ਵਿੱਚ ਕਮੀ ਆ ਰਹੀ ਹੈ। ਲੋਕ ਵਧ ਤੋਂ ਵਧ ਸਮਾਂ ਆਪਣੇ ਫੋਨਾਂ, ਕੰਪਿਉਟਰਾਂ ਅਤੇ ਹੋਰਨਾਂ ਇਲੈਕਟ੍ਰੋਨਿਕ ਜੰਤਰਾਂ ਦੀਆਂ ਸਕ੍ਰੀਨਾਂ ਵੇਖਣ ਵਿੱਚ ਬਿਤਾ ਰਹੇ ਹਨ। ਹਾਸੋਹੋਣੀ ਗੱਲ ਇਹ ਹੈ ਕਿ ਜਿੱਥੇ "ਸੋਸ਼ਲ ਮੀਡੀਆ" ਇੱਕ ਪਾਸੇ ਲੋਕਾਂ ਨੂੰ ਇੱਕ ਦੂਜੇ ਦੇ ਨੇੜੇ ਲਿਆਉਂਦੀ ਹੈ, ਉੱਥੇ ਹੀ ਦੂਜੇ ਪਾਸੇ ਇਹ ਲੋਕਾਂ ਨੂੰ ਇਕੱਲਾ ਵੀ ਕਰ ਰਹੀ ਹੈ ਅਤੇ ਮਨੁੱਖੀ ਮੁਲਾਕਾਤਾਂ ਨੂੰ ਘਟਾ ਰਹੀ ਹੈ।

ਯਿਸੂ ਮਸੀਹ ਦੀ ਕਲੀਸਿਯਾ ਸਾਂਝੀ ਨਿਹਚਾ ਅਤੇ ਇੱਕੋ ਜਿਹੀ ਜੀਵਨ-ਸ਼ੈਲੀ ਦੇ ਪ੍ਰਤੀ ਸਮਰਪਣ ਵਾਲੇ ਲੋਕਾਂ ਦੇ ਸਿਰਫ ਇੱਕ ਸਮਾਜ ਤੋਂ ਕਿਤੇ ਵਧ ਕੇ ਹੈ। ਹੋਰਨਾਂ ਸਭਨਾਂ ਦੇ ਨਾਲ-ਨਾਲ ਕਲੀਸਿਯਾ ਇੱਕ ਸਮਾਜਕ ਨੈਟਵਰਕ ਵੀ ਹੈ। ਹੋਂਦ ਵਿੱਚ ਰਹਿਣ ਲਈ ਸਮਾਜਕ ਭਾਈਵਾਲੀ ’ਤੇ ਨਿਰਭਰ ਰਹਿਣ ਵਾਲਿਆਂ ਹੋਰਨਾਂ ਸਮਾਜਕ ਸੰਸਥਾਨਾਂ ਦੀ ਤਰ੍ਹਾਂ ਕਲੀਸਿਯਾ ਨੂੰ ਵੀ ਵਿਅਕਤੀਵਾਦ ਤੋਂ ਹੋਣ ਵਾਲੇ ਇਕੱਲੇਪਣ ਤੋਂ ਨੁਕਸਾਨ ਪੁੱਜਦਾ ਹੈ। ਸਮਿਆਂ ਦੇ ਨਾਲ ਅਨੁਕੂਲਤਾ ਇੱਕ ਹੱਦ ਤੱਕ ਹੀ ਸੰਭਵ ਹੈ। ਉਦਾਹਰਣ ਵਜੋਂ, ਖੁਸ਼ ਖਬਰੀ ਦੇ ਪ੍ਰਚਾਰ ਦਾ ਅਰੰਭ ਅਕਸਰ ਵਿਅਕਤੀਗਤ ਅਪੀਲ ਤੋਂ ਹੁੰਦਾ ਹੈ: ਕੁਝ ਪ੍ਰਚਾਰਕ ਪੁੱਛਦੇ ਹਨ, "ਕੀ ਤੁਸੀਂ ਮੁਕਤੀ ਪ੍ਰਾਪਤ ਕਰਨਾ ਚਾਹੁੰਦੇ ਹੋ? ਤਾਂ ਫਿਰ ਇਸ ਦੇ ਲਈ ਤੁਹਾਨੂੰ ਬਸ ਪ੍ਰਭੂ ਨੂੰ ਕਬੂਲ ਕਰਨ ਦੀ ਪ੍ਰਾਰਥਨਾ ਆਖਣ ਅਤੇ ਯਿਸੂ ਨੂੰ ਆਪਣੇ ਦਿਲ ਵਿੱਚ ਸੱਦਣ ਦੀ ਲੋੜ ਹੈ।" ਅਜਿਹੀ ਅਪੀਲ ਪਤਰਸ, ਪੌਲੁਸ, ਅਤੇ ਨਵੇਂ ਨੇਮ ਦੇ ਹੋਰਨਾਂ ਲੇਖਕਾਂ ਨੂੰ ਥੋੜੀ ਅਜੀਬ ਲੱਗੀ ਹੋਵੇਗੀ। ਪੌਲੁਸ ਅਕਸਰ ਬਜ਼ਾਰਾਂ ਅਤੇ ਗਲੀਆਂ ਵਿੱਚ ਸਿਖਾਉਂਦਾ ਸੀ। ਉਹ ਲੋਕਾਂ ਨੂੰ ਆਖਦਾ ਸੀ ਕਿ ਉਹ ਤੋਬਾ ਕਰਨ ਅਤੇ ਬਪਤਿਸਮਾ ਲੈਣ (ਵੇਖੋ ਗਲਾਤੀਆਂ 3:27)। ਉਹ ਆਪਣੇ ਸਰੋਤਿਆਂ ਨੂੰ ਆਖਦਾ ਸੀ ਕਿ ਜਨਤਕ ਤੌਰ ’ਤੇ ਮਸੀਹ ਨੂੰ ਪਰਮੇਸ਼ੁਰ ਦੇ ਪੁੱਤਰ ਵਜੋਂ ਸਵੀਕਾਰ ਕਰਨ ਅਤੇ ਮਸੀਹ ਵਿੱਚ ਬਪਤਿਸਮਾ ਲੈਣ ਦੇ ਨਤੀਜੇ ਵਜੋਂ ਪ੍ਰਭੂ ਉਨ੍ਹਾਂ ਨੂੰ ਲੋਕਾਂ ਦੇ ਇੱਕ ਸਮੂਹ ਵਿੱਚ ਜੋੜ ਦੇਵੇਗਾ। ਮਸੀਹ ਵਿੱਚ ਜੀਵਨ ਦਾ ਅਰਥ ਹੈ ਸਮਾਜਕ ਜੀਵਨ; ਇਸ ਦਾ ਅਰਥ ਹੈ ਕਲੀਸਿਯਾ ਵਿੱਚ ਜੀਵਨ।

ਮੁਕਤੀ ਪ੍ਰਾਪਤ ਕਰਨ ਦਾ ਅਰਥ ਯਿਸੂ ਨੂੰ ਆਪਣੇ ਹਿਰਦੇ ਵਿੱਚ ਸੱਦਣ ਦੇ ਨਿੱਜੀ, ਵਿਅਕਤੀਗਤ ਕੰਮ ਨਾਲੋਂ ਕਿਤੇ ਵਧ ਕੇ ਹੈ। ਖੁਸ਼ ਖਬਰੀ ਦੀ ਆਗਿਆਕਾਰੀ ਕਰਨ ਤੋਂ ਇਲਾਵਾ ਇਸ ਦਾ ਅਰਥ ਹੈ ਲੋਕਾਂ ਦੇ ਇੱਕ ਸਮੂਹ ਦਾ ਹਿੱਸਾ ਬਣਨਾ – ਉਨ੍ਹਾਂ ਦੇ ਨਾਲ ਸਭਕੁਝ ਵੰਡਣਾ, ਉਨ੍ਹਾਂ ਤੋਂ ਉਤਸ਼ਾਹ ਅਤੇ ਸੁਧਾਰ ਪ੍ਰਾਪਤ ਕਰਨਾ। ਕਲੀਸਿਯਾ ਵਿੱਚ ਲੋਕਾਂ ਦੇ ਸਮਾਜਕ ਨੈਟਵਰਕ ਵਿੱਚ ਹਰੇਕ ਮੈਂਬਰ ਆਪਣਾ ਯੋਗਦਾਨ ਦਿੰਦਾ ਹੈ ਅਤੇ ਉੱਥੋਂ ਪ੍ਰਾਪਤ ਕਰਦਾ ਹੈ।

ਕੁਰਿੰਥੁਸ ਦੀ ਕਲੀਸਿਯਾ ਦਾ ਨੁਕਸਾਨ ਇਸ ਹੱਦ ਤੱਕ ਹੋਇਆ ਸੀ ਕਿ ਨਗਰ ਦੇ

ਮਸੀਹੀ ਇਹ ਭੁੱਲ ਗਏ ਸਨ ਕਿ ਉਹ ਇੱਕ ਦੂਜੇ ਦੇ ਨਾਲ ਇਸ ਦੇ ਮੈਂਬਰ ਹਨ। ਮਿਲ ਕੇ ਉਹ ਪਰਮੇਸ਼ੁਰ ਦੀ ਪਰਜਾ ਸਨ, ਪਰਮੇਸ਼ੁਰ ਦੀ ਹੈਕਲ ਸਨ। ਪਰਮੇਸ਼ੁਰ ਆਪਣੀ ਹੈਕਲ ਵਿੱਚ ਵੱਸਦਾ ਸੀ। ਰਸੂਲ ਦਿਲੇਰੀ ਨਾਲ ਸਿਖਾਉਂਦੇ ਸਨ ਕਿ ਕਿਸੇ ਵੀ ਵਿਅਕਤੀ ਵਿੱਚ ਮਸੀਹ ਦਾ ਜੀਵਨ ਉਦੋਂ ਤੱਕ ਸੰਭਵ ਨਹੀਂ ਹੋ ਸਕਦਾ ਸੀ, ਕਿਸੇ ਵੀ ਵਿਅਕਤੀ ਵਿੱਚ ਮਸੀਹ ਦਾ ਵਾਸ ਉਦੋਂ ਤੱਕ ਸੰਭਵ ਨਹੀਂ ਹੋ ਸਕਦਾ ਸੀ, ਜਦ ਤੱਕ ਉਹ ਵਿਅਕਤੀ ਮਸੀਹ ਦੁਆਰਾ ਆਪਣੀ ਦੇਹੀ ਵਿੱਚ ਜੋੜਿਆ ਨਹੀਂ ਜਾਂਦਾ। ਕਲੀਸਿਆ ਦਾ ਵਾਧਾ ਜਾਂ ਨੁਕਸਾਨ ਨਿਹਚਾ ਵਿੱਚ ਸਾਂਝੀ ਸਭਨਾਂ ਲੋਕਾਂ ਦੇ ਪ੍ਰਤੀ ਹਰੇਕ ਵਿਅਕਤੀ ਦੇ ਸਮਰਪਣ ਉੱਤੇ ਨਿਰਭਰ ਕਰਦਾ ਹੈ।

ਜਦ ਮੈਂ ਹਾਈ ਸਕੂਲ ਵਿੱਚ ਸਾਂ ਤਾਂ ਵਿਗਿਆਨ ਵਿੱਚ ਮੇਰੀ ਬੜੀ ਦਿਲਚਸਪੀ ਸੀ। ਮੈਂ ਗਣਿਤ, ਕੈਮਿਸਟ੍ਰੀ, ਅਤੇ ਫਿਜ਼ੀਕਸ ਵਿੱਚ ਹਰੇਕ ਐਡਵਾਂਸ ਕੋਰਸ ਲੈਂਦਾ ਸਾਂ। ਇੱਕ ਦਿਨ ਇੱਕ ਲੈਕਚਰਾਰ ਨੇ ਮੇਰੀ ਕੈਮਿਸਟ੍ਰੀ ਕਲਾਸ ਵਿੱਚ ਇੱਕ ਪ੍ਰੈਕਟਿਕਲ ਕਰਕੇ ਵਿਖਾਇਆ ਜਿਸ ਨੂੰ ਮੈਂ ਕਦੇ ਨਹੀਂ ਭੁਲਾ ਸਕਿਆ। ਉਸ ਨੇ ਕੱਚ ਦਾ ਇੱਕ ਫਲਾਸਕ ਲਿਆ। ਇਹ ਇੱਕ ਆਮ ਫਲਾਸਕ ਲੱਗ ਰਿਹਾ ਸੀ। ਉਸ ਨੇ ਦੱਸਿਆ ਕਿ ਇਸ ਕੱਚ ਨੂੰ ਇੱਕ ਖਾਸ ਤਕਨੀਕ ਦੁਆਰਾ ਕਠੋਰ ਬਣਾਇਆ ਗਿਆ ਹੈ। ਇਸ ਨੂੰ ਦਰਸਾਉਣ ਲਈ ਉਸ ਨੇ ਇਸ ਫਲਾਸਕ ਨੂੰ ਇੱਕ ਹਥੌੜੇ ਵਾਂਗ ਇਸਤੇਮਾਲ ਕੀਤਾ। ਆਪਣੇ ਹੱਥ ਨੂੰ ਉੱਚਾ ਚੁੱਕ ਕੇ ਉਸ ਨੇ ਦੋ ਤਖਤਿਆਂ ਵਿੱਚੋਂ ਦੀ ਇੱਕ ਕਿੱਲ ਠੋਕ ਦਿੱਤੀ। ਉਸ ਤੋਂ ਬਾਅਦ ਉਸ ਨੇ ਲੋਹੇ ਦੀ ਇੱਕ ਨਿੱਕੀ ਕਤਰਨ ਉਸ ਫਲਾਸਕ ਦੇ ਵਿੱਚ ਸੁੱਟੀ ਅਤੇ ਤੁਰੰਤ ਹੀ ਉਸ ਦੇ ਨਿੱਕੇ-ਨਿੱਕੇ ਟੋਟੇ ਹੋ ਗਏ। ਉਸ ਨੇ ਝਾੜੂ ਲੈ ਕੇ ਉਨ੍ਹਾਂ ਟੋਟਿਆਂ ਨੂੰ ਇਕੱਠਾ ਕਰ ਲਿਆ। ਸਾਨੂੰ ਇਹ ਸਿੱਖਿਆ ਪ੍ਰਾਪਤ ਹੋਈ ਕਿ ਕੱਚ ਦੇ ਜਿਹੜੇ ਫਲਾਸਕ ਨੂੰ ਪਰੰਪਰਾਗਤ ਤਰੀਕਿਆਂ ਨਾਲ ਠੰਡਾ ਨਹੀਂ ਕੀਤਾ ਜਾਂਦਾ, ਉਹ ਬਾਹਰੋਂ ਤਾਂ ਮਜਬੂਤ ਹੋ ਜਾਂਦੇ ਹਨ ਪਰ ਅੰਦਰੋ ਕੱਚੇ ਹੁੰਦੇ ਹਨ।

ਇਸ ਪ੍ਰੈਕਟਿਕਲ ਨੂੰ ਮੈਂ ਕਈ ਵਾਰੀ ਚੇਤੇ ਕੀਤਾ ਹੈ। ਮੈਂ ਅਜਿਹੀਆਂ ਕਲੀਸਿਆਵਾਂ ਵੇਖੀਆਂ ਹਨ ਜਿਹੜੀਆਂ ਪਰਮੇਸ਼ੁਰ ਦੇ ਵਚਨ ਦੀ ਸਿੱਖਿਆ ਤਕੜਾਈ ਨਾਲ ਦਿੰਦੀਆਂ ਹਨ ਅਤੇ ਬਾਹਰੀ ਦਬਾਵਾਂ ਨੂੰ ਸਹਿਣ ਕਰ ਸਕਦੀਆਂ ਹਨ, ਪਰ ਅੰਦਰੋਂ ਖੋਖਲੀਆਂ ਹੋ ਕੇ ਪਾਟੀਆਂ ਹੋਈਆਂ ਹੁੰਦੀਆਂ ਹਨ। ਸੰਭਵ ਹੈ ਕਿ ਇੱਕ ਕਲੀਸਿਆ ਬਾਹਰੀ ਦਬਾਉ ਨੂੰ ਸਹਿਣ ਕਰਦਿਆਂ ਹਥੌੜੇ ਵਰਗੀ ਸਖਤ ਹੋਵੇ, ਪਰ ਫਿਰ ਵੀ ਅੰਦਰੂਨੀ ਹਮਲਿਆਂ ਨੂੰ ਸਹਿਣ ਕਰਨ ਦੀ ਸ਼ਕਤੀ ਉਸ ਵਿੱਚ ਨਾ ਹੋਵੇ। ਕੁਰਿੰਥੁਸ ਦੀ ਕਲੀਸਿਆ ਪੌਲੁਸ ਦੀਆਂ ਨਜ਼ਰਾਂ ਸਾਹਮਣੇ ਟੁੱਟ ਰਹੀ ਸੀ – ਇਸ ਕਰਕੇ ਨਹੀਂ ਕਿ ਉਨ੍ਹਾਂ ਨੇ ਮਸੀਹ ਦੀ ਸਿੱਖਿਆ ਤਿਆਗ ਦਿੱਤੀ ਸੀ, ਸਗੋਂ ਇਸ ਕਰਕੇ ਕਿ ਸੁਆਰਥ, ਹੰਕਾਰ ਅਤੇ ਈਰਖਾ ਦੀਆਂ "ਕਤਰਨਾਂ" ਉਨ੍ਹਾਂ ਦੀ ਸੰਗਤੀ ਨੂੰ ਅੰਦਰੋਂ ਤੋੜ ਰਹੀਆਂ ਸਨ।

---

ਟਿੱਪਣੀਆਂ

[1]ਇਵੈਂਜੇਲਿਕਲ ਡਿਕਸ਼ਨਰੀ ਆਫ ਥਿਓਲੋਜੀ, ਦੂਜਾ ਸੰਸਕਰਣ, ਸੰਪਾਦਕ ਵਾਲਟਰ ਏ. ਏਲਵੈੱਲ (ਗ੍ਰੈਂਡ ਰੈਪਿਡਸ, ਮਿਸ਼ੀਗਨ: ਬੇਕਰ ਅਕੈਡਮਿਕ, 2001), 455 ਜੇ. ਏ. ਮੋਟਯਰ ਵਿੱਚ "ਫਲੈੱਸ਼". [2]ਉਂਨੀਵੀਂ ਸਦੀ ਦੇ ਮੱਧ ਵਿੱਚ ਜਰਮਨੀ ਵਿੱਚ ਐੱਫ. ਸੀ. ਬਾਵਰ ਤੋਂ ਅਰੰਭ ਹੋਈ ਇੱਕ ਪ੍ਰਭਾਵਸ਼ਾਲੀ ਵਿਚਾਰਧਾਰਾ ਨੂੰ ਇਸ ਦਾਅਵੇ ਤੋਂ ਤੇਜੀ ਮਿਲੀ ਕਿ 1 ਕੁਰਿੰਥੀਆਂ ਨੇ ਉਨ੍ਹਾਂ ਦਲਬੰਦੀਆਂ ਦੀ ਸਾਖੀ ਦਿੱਤੀ ਜਿਹੜੀਆਂ ਹਰ ਪਾਸੇ ਅਰੰਭਕ ਕਲੀਸਿਆ

ਨੂੰ ਪਰੇਸ਼ਾਨ ਕਰ ਰਹੀਆਂ ਸਨ। ਇਸ ਥਿਊਰੀ ਦੇ ਅਨੁਸਾਰ ਪਤਰਸ ਮਸੀਹਤ ਬਾਰੇ ਸੰਕੀਰਣ ਯਹੂਦੀ ਮਾਨਸਿਕਤਾ ਦੀ ਤਰਫਦਾਰੀ ਕਰ ਰਿਹਾ ਸੀ ਜਦਕਿ ਪੌਲੁਸ ਅਜਿਹੀ ਖੁਸ਼ ਖਬਰੀ ਦਾ ਪੱਖ ਲੈ ਰਿਹਾ ਸੀ ਜਿਸ ਦੀ ਪ੍ਰਾਸੰਗਿਕਤਾ ਵਿਸ਼ਵ ਪੱਧਰੀ ਸੀ। ਬਾਵਰ ਨੇ ਆਖਿਆ ਕਿ ਰਸੂਲਾਂ ਦੇ ਕਰਤੱਬ ਦੀ ਪੁਸਤਕ ਨੂੰ ਲਿਖੇ ਜਾਣ ਦਾ ਮਕਸਦ ਇਨ੍ਹਾਂ ਰਸੂਲਾਂ ਵਿਚਕਾਰ ਆਈ ਭਿੰਨਤਾ ਨੂੰ ਦੂਰ ਕਰਨਾ ਸੀ। ਇਹ ਸਿਧਾਂਤ, ਥੋੜੇ ਬਦਲਾਵਾਂ ਨਾਲ, ਅੱਜ ਵੀ ਪ੍ਰਚਲਿਤ ਹੈ। ਇਸ ਬਾਰੇ ਚਰਚਾ ਡਬਲਿਉ. ਵਾਰਡ ਗੈਸਕੀ, *ਏ ਹਿਸਟਰੀ ਆਫ ਦਿ ਇੰਟਰਪ੍ਰਟੇਸ਼ਨ ਆਫ ਦਿ ਐਕਟਸ ਆਫ ਦਿ ਅਪੌਸਲਸ* (ਪੀਬੋਡੀ, ਮੈਸਿਚੁਸਿਟਸ: ਹੈਂਡ੍ਰਿਕਸਨ ਪਬਲਿਸ਼ਰਸ, 1989), 27-30 ਵਿੱਚ ਕੀਤੀ ਗਈ ਹੈ। [3]1 ਯੂਹੰਨਾ 1:1 ਨਾਲ ਤੁਲਨਾ ਕਰੋ, ਜਿੱਥੇ ਅਲਿੰਗੀ **ਸਾਪੇਖ** ਪੜਨਾਂਵ ਮਸੀਹ ਦੇ ਸੰਬੰਧ ਵਿੱਚ ਦਿਖਾਈ ਦਿੰਦਾ ਹੈ: "*ਉਹ (That)* ਜੋ ਆਦ ਤੋਂ ਸੀ" (ਜ਼ੋਰ ਦਿੱਤਾ ਗਿਆ ਹੈ)। ਪਾਠਕ ਇੱਥੇ ਇਸ ਤਰ੍ਹਾਂ ਪੜ੍ਹਣ ਦੀ ਉਮੀਦ ਕਰੇਗਾ, "*ਉਹ (He)* ਜੋ ਆਦ ਤੋਂ ਸੀ।" [4]ਗੋਰਡਨ ਡੀ. ਫੀ, *ਦਿ ਫਰਸਟ ਅਪਿਸਟਲ ਟੂ ਦਿ ਕੁਰਿੰਥੀਅਨਜ਼,* ਦਿ ਨਿਊ ਇੰਟਰਨੈਸ਼ਨਲ ਕਮੈਂਟ੍ਰੀ ਆਨ ਦਿ ਨਿਊ ਟੈਸਟਾਮੈਂਟ (ਗ੍ਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬੀ. ਈਰਡਮੈਂਸ ਪਬਲਿਸ਼ਿੰਗ ਕੰਪਨੀ, 1987), 128. [5]ਨਾਸਰਤ ਦੇ ਲੋਕਾਂ ਨੇ ਆਖਿਆ ਸੀ ਕਿ ਯਿਸੂ ਇੱਕ τέκτων (*ਟੇਕਟੋਨ,* "ਦਸਤਕਾਰ"; ਮੱਤੀ 13:55) ਸੀ। ਇਸ ਸ਼ਬਦ ਦਾ ਅਨੁਵਾਦ ਆਮਤੌਰ 'ਤੇ "ਤਰਖਾਣ" ਕੀਤਾ ਜਾਂਦਾ ਸੀ। ਹੋ ਸਕਦਾ ਹੈ ਕਿ ਯਿਸੂ ਤਰਖਾਣ ਸੀ, ਪਰ ਇਹ ਜਾਤੀਗਤ ਸ਼ਬਦ ਹੈ। ਇਸ ਸ਼ਬਦ ਦੀ ਵਰਤੋਂ ਪੱਥਰਾਂ ਦਾ ਕੰਮ ਕਰਨ ਵਾਲੇ ਮਿਸਤਰੀ ਲਈ ਵੀ ਕੀਤੀ ਜਾ ਸਕਦੀ ਹੈ। [6]ਇਨ ਇੰਗਲਿਸ਼ ਫੇਅਰੀ ਟੇਲਸ (ਲੰਡਨ: ਡੇਵਿਡ ਨੱਟ, 1890), 68-72 ਵਿੱਚ ਜੋਸੇਫ ਜੇਕਬ, ਕੋਲ., "ਦਿ ਥ੍ਰੀ ਲਿਟਲ ਪਿਗਸ"। [7]ਜੇਮਸ ਡੀ. ਜੀ. ਡੰਨ, *ਦਿ ਥਿਓਲੋਜੀ ਆਫ ਪੌਲ ਦ ਅਪੌਸਲ* (ਗ੍ਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬੀ. ਈਰਡਮੈਂਸ ਪਬਲਿਸ਼ਿੰਗ ਕੰਪਨੀ, 1998), 491. [8]ਰਿਚਰਡ ਬੀ. ਹੇਸ, ਦਿ ਮੋਰਲ ਵਿਜ਼ਨ ਆਫ ਦਿ ਨਿਊ ਟੈਸਟਾਮੈਂਟ: ਕਮਿਊਨਟੀ, ਕ੍ਰੌਸ, ਨਿਊ ਕ੍ਰਿਏਸ਼ਨ (ਸੈਨ ਫ੍ਰਾਂਸਿਸਕੋ: ਹਾਰਪਰ ਸੈਨ ਫ੍ਰਾਂਸਿਸਕੋ ਕੰਪਨੀ, 1996), 32. [9]ਲੁਸਿਅਨ *ਪਾਸਿੰਗ ਆਫ ਪੇਰੇਗ੍ਰਿਨਸ* 11-13.